**ਨਗਰ ਨਿਗਮ, ਬਠਿੰਡਾ।**

**ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 30.10.2024 ਨੂੰ ਸਵੇਰੇ 11.00 ਵਜੇ**

ਅੱਜ ਮਿਤੀ 30.10.2024ਨੂੰ ਸਵੇਰੇ 11.00 ਵਜੇ ਸ੍ਰੀ ਅਸ਼ੋਕ ਕੁਮਾਰ, ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਸੁਖਦੇਵ ਸਿੰਘ | 4 | ਕੌਂਸਲਰ |
| 2 | ਸੋਨੀਆ | 5 | ਕੌਂਸਲਰ |
| 3 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 4 | ਸ਼ੈਰੀ ਗੋਇਲ | 7 | ਕੌਂਸਲਰ |
| 5 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 6 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 7 | ਗੁਰਦੇਵ ਕੌਰ | 13 | ਕੌਂਸਲਰ |
| 8 | ਵਿਵੇਕ ਗਰਗ | 14 | ਕੌਂਸਲਰ |
| 9 | ਮਨਜੀਤ ਕੋਰ | 15 | ਕੌਂਸਲਰ |
| 10 | ਬਲਰਾਜ ਸਿੰਘ | 16 | ਕੌਂਸਲਰ |
| 11 | ਸਿਮਰਨ | 17 | ਕੌਂਸਲਰ |
| 12 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 13 | ਮੱਖਣ ਸਿੰਘ | 20 | ਕੌਂਸਲਰ |
| 14 | ਸੁਰੇਸ਼ ਚੋਹਾਨ | 22 | ਕੌਂਸਲਰ |
| 15 | ਕਿਰਨ ਰਾਣੀ | 23 | ਕੌਂਸਲਰ |
| 16 | ਸ਼ਾਮ ਲਾਲ ਗਰਗ | 24 | ਕੌਂਸਲਰ |
| 17 | ਕਮਲਜੀਤ ਕੋਰ | 25 | ਕੌਂਸਲਰ |
| 18 | ਸੰਦੀਪ ਕੁਮਾਰ | 26 | ਕੌਂਸਲਰ |
| 19 | ਉਸ਼ਾ ਗੋਇਲ | 27 | ਕੌਂਸਲਰ |
| 20 | ਰੀਨਾ ਗੁਪਤਾ | 29 | ਕੌਂਸਲਰ |
| 21 | ਉਮੇਸ਼ ਗਰਗ | 32 | ਕੌਂਸਲਰ |
| 22 | ਨੇਹਾ | 33 | ਕੌਂਸਲਰ |
| 23 | ਜਸਵੀਰ ਸਿੰਘ | 34 | ਕੌਂਸਲਰ |
| 24 | ਹਰਵਿੰਦਰ ਸਿੰਘ | 36 | ਕੌਂਸਲਰ |
| 25 | ਮਮਤਾ ਸੈਣੀ | 38 | ਕੌਂਸਲਰ |
| 26 | ਪੁਸ਼ਪਾ ਰਾਣੀ | 39 | ਕੌਂਸਲਰ |
| 27 | ਆਤਮਾ ਸਿੰਘ | 40 | ਕੌਂਸਲਰ |
| 28 | ਕੁਲਵਿੰਦਰ ਕੋਰ | 41 | ਕੌਂਸਲਰ |
| 29 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 30 | ਰਾਜ ਰਾਣੀ | 45 | ਕੌਂਸਲਰ |
| 31 | ਰਤਨ ਰਾਹੀ | 46 | ਕੌਂਸਲਰ |
| 32 | ਮਮਤਾ | 47 | ਕੌਂਸਲਰ |
| 33 | ਕਮਲੇਸ਼ ਮਹਿਰਾ | 49 | ਕੌਂਸਲਰ |
| 34 | ਮਲਕੀਤ ਸਿੰਘ ਗਿੱਲ | 50 | ਕੌਂਸਲਰ |

ਮੀਟਿੰਗ ਦੀ ਸ਼ੁਰੂਆਤ ਵਿੱਚ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ ਵੱਲੋਂ ਸ਼੍ਰੀ ਕ੍ਰਿਸ਼ਨ ਚੰਦ ਚੂੜੀਆਂ ਵਾਲਾ, ਸਾਬਕਾ ਮਿਊਂਸਪਲ ਕੌਂਸਲਰ ਦੇ ਅਕਾਲ ਚਲਾਣਾ ਕਰ ਜਾਣ ਦੇ ਨਮਿਤ ਸ਼ੋਕ ਮਤਾ ਪਾਉਣ ਦੀ ਮੰਗ ਕੀਤੀ ਅਤੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿਨਟ ਦਾ ਮੌਨ ਧਾਰਨ ਕਰਨ ਦੀ ਬੇਨਤੀ ਕੀਤੀ।

**ਮਤਾ ਨੰਬਰ 354:** **ਹਾਊਸ ਵੱਲੋਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।**
**ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।**

ਸਹੀ/-
**ਕਾਰਜਕਾਰੀ ਮੇਅਰ**
**-ਕਮ-ਸੀਨੀਅਰ ਡਿਪਟੀ ਮੇਅਰ**
**ਨਗਰ ਨਿਗਮ, ਬਠਿੰਡਾ।**

**ਨਗਰ ਨਿਗਮ, ਬਠਿੰਡਾ।**

**ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 30.10.2024 ਨੂੰ ਸਵੇਰੇ 11.15 ਵਜੇ**

ਅੱਜ ਮਿਤੀ 30.10.2024 ਨੂੰ ਸਵੇਰੇ 11.15 ਵਜੇ ਸ੍ਰੀ ਅਸ਼ੋਕ ਕੁਮਾਰ, ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੰਦਾ |
|---|---|---|---|
| 1 | ਸੁਖਦੇਵ ਸਿੰਘ | 4 | ਕੌਂਸਲਰ |
| 2 | ਸੋਨੀਆ | 5 | ਕੌਂਸਲਰ |
| 3 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 4 | ਸ਼ੈਰੀ ਗੋਇਲ | 7 | ਕੌਂਸਲਰ |
| 5 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 6 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 7 | ਗੁਰਦੇਵ ਕੌਰ | 13 | ਕੌਂਸਲਰ |
| 8 | ਵਿਵੇਕ ਗਰਗ | 14 | ਕੌਂਸਲਰ |
| 9 | ਮਨਜੀਤ ਕੋਰ | 15 | ਕੌਂਸਲਰ |
| 10 | ਬਲਰਾਜ ਸਿੰਘ | 16 | ਕੌਂਸਲਰ |
| 11 | ਸਿਮਰਨ | 17 | ਕੌਂਸਲਰ |
| 12 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 13 | ਮੱਖਣ ਸਿੰਘ | 20 | ਕੌਂਸਲਰ |
| 14 | ਸੁਰੇਸ਼ ਚੋਹਾਨ | 22 | ਕੌਂਸਲਰ |
| 15 | ਕਿਰਨ ਰਾਣੀ | 23 | ਕੌਂਸਲਰ |
| 16 | ਸ਼ਾਮ ਲਾਲ ਗਰਗ | 24 | ਕੌਂਸਲਰ |
| 17 | ਕਮਲਜੀਤ ਕੋਰ | 25 | ਕੌਂਸਲਰ |
| 18 | ਸੰਦੀਪ ਕੁਮਾਰ | 26 | ਕੌਂਸਲਰ |
| 19 | ਉਸ਼ਾ ਗੋਇਲ | 27 | ਕੌਂਸਲਰ |
| 20 | ਰੀਨਾ ਗੁਪਤਾ | 29 | ਕੌਂਸਲਰ |
| 21 | ਉਮੇਸ਼ ਗਰਗ | 32 | ਕੌਂਸਲਰ |
| 22 | ਨੇਹਾ | 33 | ਕੌਂਸਲਰ |
| 23 | ਜਸਵੀਰ ਸਿੰਘ | 34 | ਕੌਂਸਲਰ |
| 24 | ਹਰਵਿੰਦਰ ਸਿੰਘ | 36 | ਕੌਂਸਲਰ |
| 25 | ਮਮਤਾ ਸੈਣੀ | 38 | ਕੌਂਸਲਰ |
| 26 | ਪੁਸ਼ਪਾ ਰਾਣੀ | 39 | ਕੌਂਸਲਰ |
| 27 | ਆਤਮਾ ਸਿੰਘ | 40 | ਕੌਂਸਲਰ |
| 28 | ਕੁਲਵਿੰਦਰ ਕੋਰ | 41 | ਕੌਂਸਲਰ |
| 29 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 30 | ਰਾਜ ਰਾਣੀ | 45 | ਕੌਂਸਲਰ |
| 31 | ਰਤਨ ਰਾਹੀ | 46 | ਕੌਂਸਲਰ |
| 32 | ਮਮਤਾ | 47 | ਕੌਂਸਲਰ |
| 33 | ਕਮਲੇਸ਼ ਮਹਿਰਾ | 49 | ਕੌਂਸਲਰ |
| 34 | ਮਲਕੀਤ ਸਿੰਘ ਗਿੱਲ | 50 | ਕੌਂਸਲਰ |

ਮੀਟਿੰਗ ਦੀ ਸ਼ੁਰੂਆਤ ਵਿੱਚ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਨੇ ਕਮਿਸ਼ਨਰ ਸਾਹਿਬ ਜੀ ਦੇ ਬਠਿੰਡਾ ਜੁਆਇਨ ਕਰਨ ਤੇ ਧੰਨਵਾਦ ਕੀਤਾ। ਇਸ ਉਪਰੰਤ ਮੀਟਿੰਗ ਸ਼ੁਰੂ ਕਰਨ ਦੀ ਇਜਾਜਤ ਦਿੱਤੀ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਪਿਛਲੀਆਂ ਮੀਟਿੰਗਾਂ ਦੌਰਾਨ ਪਾਸ ਕੀਤੇ ਗਏ ਵਿਕਾਸ ਦੇ ਕੰਮਾਂ ਦੇ ਟੈਂਡਰ ਪਹਿਲਾਂ ਲਗਾਏ ਜਾਣ। ਇਸਤੇ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਜਿਸ ਵੀ ਕੌਂਸਲਰ ਨੇ ਪਹਿਲ ਦੇ ਆਧਾਰ ਤੇ ਜੋ ਕੰਮ ਕਰਵਾਉਣੇ ਹਨ, ਉਹਨਾਂ ਦੇ ਟੈਂਡਰ ਲਗਾਏ ਜਾਣ।

ਸ਼੍ਰੀ ਸੁਰੇਸ਼ ਚੋਹਾਨ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਦੀ ਸੱਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਨਗਰ ਨਿਗਮ ਵੱਲੋਂ ਤਕਰੀਬਨ 4.00 ਕਰੋੜ ਰੁਪਏ ਦੀ ਲਾਗਤ ਅੰਮ੍ਰਿਤ ਸਰੋਵਰ ਬਣਾਇਆ ਗਿਆ ਸੀ। ਪਰੰਤੂ ਇਸ ਵਿੱਚ ਗੰਦੇ ਪਾਣੀ ਦੇ ਛੱਡਣ ਕਾਰਨ ਬਹੁਤ ਹੀ ਬੁਰਾ ਹਾਲ ਹੈ। ਟੋਭੇ ਦੀ ਡੀ-ਸਿਲਟਿੰਗ ਨਹੀਂ ਕੀਤੀ ਜਾ ਰਹੀ। ਉਹਨਾਂ ਕਿਹਾ ਕਿ ਬਲਰਾਜ ਨਗਰ, ਬੰਗੀ ਨਗਰ ਅਤੇ ਸੰਜੇ ਨਗਰ ਵਿੱਚ ਗਰੀਬ ਲੋਕ ਰਹਿੰਦੇ ਹਨ। ਹਵਾ ਦੇ ਚੱਲਣ ਤੇ

ਇਸ ਟੋਭੇ ਵਿੱਚੋਂ ਗੰਦੀ ਹਵਾ ਨਿਕਲਣ ਕਾਰਨ ਲੋਕਾਂ ਨੂੰ ਸਾਹ ਅਤੇ ਦਮਾ ਦੇ ਰੋਗ ਹੋ ਰਹੇ ਹਨ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ।

ਉਹਨਾਂ ਕਿਹਾ ਕਿ ਵਾਰਡ ਨੰਬਰ 22, ਸੰਜੇ ਨਗਰ ਵਿੱਚ ਪਿਛਲੇ ਕਾਫੀ ਲੰਬੇ ਸਮੇਂ ਤੋਂ ਪਾਰਕ ਵਿੱਚ ਬੰਦ ਪਏ ਆਰ.ਓ. ਨੂੰ ਖਤਮ ਕਰਦੇ ਹੋਏ ਪਾਰਕ ਦਾ ਸੁਧਾਰ ਕੀਤਾ ਜਾਵੇ ਤਾਂ ਜੋ ਬੱਚੇ ਖੇਡ ਸਕਣ।

ਉਹਨਾਂ ਫਿਰ ਕਿਹਾ ਕਿ ਆਵਾ ਬਸਤੀ ਵਾਰਡ ਨੰਬਰ 22-23 ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਨਾ ਹੋਣ ਕਾਰਨ ਲੋਕਾਂ ਨੂੰ ਬੋਰ ਵਾਲਾ ਪਾਣੀ ਮੁੱਹਈਆ ਕਰਵਾਇਆ ਜਾ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਪੀਣ ਵਾਲੇ ਪਾਣੀ ਦੀ ਸਪਲਾਈ ਦੇਣ ਦੀ ਮੰਗ ਕੀਤੀ।

ਉਹਨਾਂ ਦਸਿਆ ਕਿ ਪਟਿਆਲਾ ਫਾਟਕ ਪਾਸ ਪੁੱਲ ਦੇ ਥੱਲੇ ਡਾ: ਬੀ.ਆਰ. ਅੰਬੇਦਕਰ ਜੀ ਦੇ ਨਾਮ ਤੇ ਚੌਂਕ ਬਣਿਆ ਹੋਇਆ ਸੀ। ਹੁਣ ਪੁੱਲ ਦੇ ਬਣਨ ਕਾਰਨ ਇਹ ਚੌਂਕ ਖਤਮ ਕਰ ਦਿੱਤਾ ਗਿਆ। ਉਹਨਾਂ ਇਸ ਨਵੇਂ ਬਣ ਰਹੇ ਪੁੱਲ ਦਾ ਨਾਮ ਭਾਰਤ ਰਤਨ ਡਾ: ਬੀ.ਆਰ.ਅੰਬੇਦਕਰ ਜੀ ਦੇ ਨਾਮ ਤੇ ਰੱਖਣ ਦੀ ਫਰਿਆਦ ਕੀਤੀ।

ਉਹਨਾਂ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਆਟੋ ਰਿਕਸ਼ਾ ਤੇ ਸਵਾਰ ਹੋ ਕੇ ਸ਼ਹਿਰ ਦੀਆਂ ਗਲੀਆਂ ਦਾ ਮੁਆਇਨਾ ਕਰਨ ਤੇ ਧੰਨਵਾਦ ਕੀਤਾ।

ਸ਼੍ਰੀ ਬਲਰਾਜ ਸਿੰਘ ਪੱਕਾ, ਕੌਂਸਲਰ ਨੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਜੁਆਇਨ ਕਰਨ ਤੇ ਜੀ ਆਇਆਂ ਆਖਿਆ। ਉਹਨਾਂ ਕਮਿਸ਼ਨਰ ਸਾਹਿਬ ਦੇ ਸ਼ਹਿਰ ਵਿੱਚ ਬਣੀਆਂ ਪੁਰਾਣੀਆਂ ਇਮਾਰਤਾਂ ਨੂੰ ਸੰਭਾਲਣ ਖਾਤਰ ਕਦਮ ਚੁੱਕੇ ਜਾਣ ਤੇ ਧੰਨਵਾਦ ਕੀਤਾ ਅਤੇ ਆਪਣਾ ਸਹਿਯੋਗ ਦੇਣ ਲਈ ਕਿਹਾ। ਉਹਨਾਂ ਦਸਿਆ ਕਿ ਆਈ.ਟੀ.ਆਈ. ਚੌਂਕ ਵਿੱਚ ਮੱਛੀਆਂ ਲਾਹ ਕੇ ਇਸ ਚੌਂਕ ਦਾ ਗੁਰਮੁੱਖੀ ਚੌਂਕ ਰੱਖਿਆ ਗਿਆ ਹੈ। ਪਰੰਤੂ ਇਹਨਾਂ ਮੱਛੀਆਂ ਦੀ ਥਾਂ ਤੇ ਲੱਗੀ ਤਖਤੀ ਤੋਂ ਅਜੇ ਤੱਕ ਕਪੜਾ ਨਾ ਲਾਹੁਣ ਤੇ ਉਹਨਾਂ ਕਿਹਾ ਕਿ ਮੇਅਰ ਸਾਹਿਬ ਅਤੇ ਕਮਿਸ਼ਨਰ ਸਾਹਿਬ ਪਾਸੋਂ ਇਸਦਾ ਉਦਘਾਟਨ ਕੀਤਾ ਜਾਵੇ ਤਾਂ ਜੋ ਇਸ ਤਖਤੀ ਤੋਂ ਕਪੜਾ ਲਾਹਿਆ ਜਾ ਸਕੇ।

ਉਹਨਾਂ ਦਸਿਆ ਕਿ ਡਬਵਾਲੀ ਰੋਡ ਤੇ ਏਮਜ਼ ਹਸਪਤਾਲ ਦੇ ਖੁੱਲ ਜਾਣ ਕਾਰਨ ਅਤੇ ਇਸ ਸੜ੍ਹਕ ਤੇ ਇੰਜੀਨੀਅਰਿੰਗ ਕਾਲਜ ਅਤੇ ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਹੋਣ ਕਾਰਨ ਬਹੁਤ ਹੀ ਜਿਆਦਾ ਟ੍ਰੈਫਿਕ ਰਹਿੰਦਾ ਹੈ। ਉਹਨਾਂ ਇੰਜੀਨੀਅਰਿੰਗ ਕਾਲਜ ਦੇ ਪਾਸ ਟ੍ਰੈਫਿਕ ਲਾਈਟਾਂ ਲਗਾਉਣ ਦੀ ਮੰਗ ਕੀਤੀ ਤਾਂ ਜੋ ਕੋਈ ਅਣਸੁਖਾਂਵੀਂ ਘਟਨਾ ਨਾ ਵਾਪਰੇ।

ਉਹਨਾਂ ਮੰਗ ਕੀਤੀ ਕਿ ਸ਼ਹਿਰ ਵਿੱਚ ਚੌਂਕਾਂ ਨੂੰ ਸਜਾਇਆ ਜਾਵੇ ਅਤੇ ਸ਼ਹਿਰ ਵਿੱਚ ਲੱਗੇ ਸ਼ਹੀਦ ਨੰਦ ਸਿੰਘ ਅਤੇ ਸ਼੍ਰੀ ਨਿਰਮਲਜੀਤ ਸਿੰਘ ਸੇਖੋਂ ਦੇ ਸਟੈਚੂ ਅਤੇ ਝੀਲਾਂ ਪਾਸ ਲਗਾਏ ਗਏ ਹਵਾਈ ਜਹਾਜ ਨੂੰ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੀ ਸਹਾਇਤਾ ਨਾਲ ਚੰਗੇ ਤਰੀਕੇ ਨਾਲ ਸਾਫ ਕਰਵਾਇਆ ਜਾਵੇ।

ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ ਨੇ ਕਮਿਸ਼ਨਰ ਸਾਹਿਬ ਦਾ ਧੰਨਵਾਦ ਕਰਦੇ ਹੋਏ ਸਮੁੱਚੇ ਸ਼ਹਿਰ ਵਾਸੀਆਂ ਨੂੰ ਦੀਵਾਲੀ ਅਤੇ ਸ਼੍ਰੀ ਗੁਰੂ ਨਾਨਕ ਦੇਵ ਦੀ ਗੁਰਪੂਰਬ ਦੀਆਂ ਵਧਾਈਆਂ ਦਿੱਤੀਆਂ। ਉਹਨਾਂ ਕਿਹਾ ਕਿ ਪਰਸ ਰਾਮ ਨਗਰ ਵਿਖੇ ਭਗਵਾਨ ਪਰਸ਼ੂ ਰਾਮ ਜੀ ਦੇ ਨਾਮ ਤੇ ਜਲਦ ਤੋਂ ਜਲਦ ਦਰਸ਼ਨੀ ਗੇਟ ਬਣਾਇਆ ਜਾਵੇ। ਉਹਨਾਂ ਦਸਿਆ ਕਿ ਇਸ ਗੇਟ ਦਾ ਨਕਸ਼ਾ ਪਹਿਲਾਂ ਹੀ ਬਣ ਚੁੱਕਾ ਹੈ। ਇਸਤੇ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਵੱਲੋਂ ਸਹਿਮਤੀ ਜਤਾਈ ਗਈ।

ਉਹਨਾਂ ਕਿਹਾ ਕਿ ਨਗਰ ਨਿਗਮ ਵੱਲੋਂ ਰੋਜ਼ ਗਾਰਡਨ ਵਿਖੇ ਬਹੁਤ ਹੀ ਵਧੀਆ ਆਡੀਟੋਰੀਅਮ ਬਣਾਇਆ ਗਿਆ ਹੈ, ਜਿਸਦਾ ਉਦਘਾਟਨ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਜੀ ਵੱਲੋਂ ਕੀਤਾ ਗਿਆ ਹੈ। ਉਹਨਾਂ ਮੰਗ ਕੀਤੀ ਕਿ ਇਸ ਆਡੀਟੋਰੀਅਮ ਵਿੱਚ ਚੁਣੇ ਹੋਏ ਕੌਂਸਲਰ ਸਾਹਿਬਾਨ ਦੇ ਨਾਮ ਦਾ ਬੋਰਡ ਵੀ ਲਗਾਇਆ ਜਾਵੇ। ਇਸਦੇ ਨਾਲ ਮਲਟੀਸਟੋਰੀ ਪਾਰਕਿੰਗ ਵਿੱਚ ਵੀ ਚੁਣੇ ਹੋਏ ਕੌਂਸਲਰ ਸਾਹਿਬਾਨ ਦੇ ਨਾਮ ਦਾ ਬੋਰਡ ਲਗਾਇਆ ਜਾਵੇ।

ਉਹਨਾਂ ਕਿਹਾ ਕਿ ਸ਼ਹਿਰ ਵਿੱਚ ਪਿਛਲੇ ਇੱਕ ਮਹੀਨੇ ਤੋਂ ਡੋਰ ਟੂ ਡੋਰ ਕੂੜ੍ਹਾ ਚੁੱਕਣ ਵਾਲੇ ਕਰਮਚਾਰੀ ਹੜਤਾਲ ਤੇ ਚੱਲ ਰਹੇ ਹਨ। ਇਸ ਨਾਲ ਲੋਕਾਂ ਦੇ ਘਰਾਂ ਦਾ ਕੂੜ੍ਹਾ ਨਾ ਚੁੱਕਣ ਕਾਰਨ ਲੋਕਾਂ ਵਿੱਚ ਰੋਸ ਦੇਖਣ ਨੂੰ ਮਿਲ ਰਿਹਾ ਹੈ। ਇਸ ਲਈ ਯੋਗ ਹੋਵੇਗਾ ਕਿ ਇਸ ਸਮੇਂ ਦੇ ਬਣਦੇ ਗਾਰਬੇਜ਼ ਚਾਰਜ਼ਿਜ਼ ਤੋਂ ਲੋਕਾਂ ਨੂੰ ਛੋਟ ਦਿੱਤੀ ਜਾਵੇ। ਇਸਦੀ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਵੱਲੋਂ ਤਾਇਦ ਕੀਤੀ ਗਈ।

ਉਹਨਾਂ ਕਿਹਾ ਕਿ ਪਰਸ ਰਾਮ ਨਗਰ ਵਿਖੇ ਪੁੱਲ ਤੋਂ ਤੇਜ਼ੀ ਨਾਲ ਗੱਡੀਆਂ ਉਤਰਦੀਆਂ ਹਨ। ਇਸ ਜਗ੍ਹਾ ਰੇਹੜੀਆਂ ਦੇ ਖੜ੍ਹੇ ਹੋਣ ਕਾਰਨ ਬਹੁਤ ਜਿਆਦਾ ਐਕਸੀਡੈਂਟ ਹੁੰਦੇ ਰਹਿੰਦੇ ਹਨ। ਪਿਛਲੇ 7-8 ਮਹੀਨੇ ਦੌਰਾਨ ਦੋ ਬੱਚੀਆਂ ਦੀ ਐਕਸੀਡੈਂਟ ਹੋਣ ਕਾਰਨ ਮੌਤ ਵੀ ਹੋ ਚੁੱਕੀ ਹੈ। ਉਹਨਾਂ ਜਲਦ ਤੋਂ ਜਲਦ ਇਹਨਾਂ ਰੇਹੜੀਆਂ ਨੂੰ ਕਿਸੇ ਹੋਰ ਜਗ੍ਹਾ ਸ਼ਿਫਟ ਕਰਨ ਦੀ ਮੰਗ ਕੀਤੀ। ਉਹਨਾਂ ਸ਼ਹਿਰ ਦੇ ਮੁੱਖ ਬਾਜਾਰਾਂ ਜਿਵੇਂ ਕਿ ਧੋਬੀ ਬਾਜਾਰ, ਬੈਂਕ ਬਾਜਾਰ, ਸਦਭਾਵਨਾ ਚੌਂਕ, ਸਿਰਕੀ ਬਾਜਾਰ ਅਤੇ ਕਿਕਰ ਬਾਜਾਰ ਵਿੱਚੋਂ ਵੀ ਰੇਹੜੀਆਂ ਬਾਹਰ ਕਰਨ ਦੀ ਮੰਗ ਕੀਤੀ ਤਾਂ ਜੋ ਹੋ ਰਹੇ ਐਕਸੀਡੈਂਟਾਂ ਤੋਂ ਬਚਿਆ ਜਾ ਸਕੇ। ਉਹਨਾਂ ਨਗਰ ਨਿਗਮ ਵਿਖੇ ਪਿਛਲੇ 5-7 ਸਾਲਾਂ ਤੋਂ ਕੰਮ ਕਰ ਰਹੇ ਕਲੱਰਕ-ਕਮ- ਡਾਟਾ ਐਂਟਰੀ ਆਪਰੇਟਰਾਂ ਨੂੰ ਪੱਕਾ ਕਰਨ ਖਾਤਰ ਪੰਜਾਬ ਸਰਕਾਰ ਪਾਸੋਂ ਪਾਲਿਸੀ ਤਹਿਤ ਪਹਿਲ ਦੇਣ ਦੀ ਮੰਗ ਕੀਤੀ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਸਮੂਹ ਕੌਂਸਲਰ ਸਾਹਿਬਾਨ ਨੂੰ ਕਿਹਾ ਕਿ ਘੱਟੋ-ਘੱਟ ਇੱਕ ਹਫਤਾ ਪਹਿਲਾਂ ਆਪਣੀਆਂ-ਆਪਣੀਆਂ ਮੰਗਾਂ ਉਹਨਾਂ ਦੇ ਦਫਤਰ ਦੇ ਦਿੱਤੀਆਂ ਜਾਣ, ਤਾਂ ਜੋ ਉਹਨਾਂ ਤੇ ਵਿਚਾਰ ਕਰਕੇ ਬਣਦੇ ਕੰਮ ਪਹਿਲਾਂ ਹੀ ਕਰਵਾ ਦਿੱਤੇ ਜਾਣ। ਇਸ ਨਾਲ ਜਿੱਥੇ ਕੰਮ ਵਧੀਆ ਢੰਗ ਨਾਲ ਹੋ ਸਕਣਗੇ, ਉੱਥੇ ਮੀਟਿੰਗ ਦੌਰਾਨ ਸਮਾਂ ਵੀ ਬਚੇਗਾ।

ਸ਼੍ਰੀਮਤੀ ਰੀਨਾ ਗੁਪਤਾ, ਕੌਂਸਲਰ ਨੇ ਕੌਂਸਲਰ ਸਾਹਿਬਾਨਾਂ ਨੂੰ ਪ੍ਰਦਾਨ ਸ਼ਕਤੀਆਂ ਬਾਰੇ ਪੁੱਛਦੇ ਹੋਏ ਕਿਹਾ ਕਿ ਨਗਰ ਨਿਗਮ ਦੇ ਹੇਠਲੇ ਲੇਵਲ ਤੇ ਕਈ ਕਰਮਚਾਰੀ ਉਹਨਾਂ ਦਾ ਫੋਨ ਨਹੀਂ ਚੁੱਕਦੇ। ਉਹਨਾਂ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਰੋਡ ਜਾਲੀਆਂ ਸਾਫ ਨਾ ਹੋਣ ਸਬੰਧੀ ਜਿਆਦਾ ਸ਼ਿਕਾਇਤਾਂ ਹਨ। ਉਹਨਾਂ ਕਾਰਪੇਟ ਹਾਊਸ ਵਾਲੀ ਗਲੀ ਵਿੱਚ ਪੈਣ ਵਾਲੀ ਤਕਰੀਬਨ 2-1/2 ਫੁੱਟ ਪਾਈਪ ਜਲਦ ਤੋਂ ਜਲਦ ਪਾਉਣ ਦੀ ਮੰਗ ਕੀਤੀ। ਉਹਨਾਂ ਮਾਤਾ ਰਾਣੀ ਗਲੀ ਵਿੱਚ ਹੋਣ ਵਾਲਾ ਕੰਮ ਜਲਦ ਕਰਵਾਉਣ ਦੀ ਮੰਗ ਕੀਤੀ। ਉਹਨਾਂ ਸੁਪਰ ਸਕੱਰ ਮਸ਼ੀਨ ਦੀ ਮਦਦ ਨਾਲ ਨਵੀਂ ਬਸਤੀ, ਗਲੀ ਨੰਬਰ 4 ਦੀ ਸਫਾਈ ਕਰਨ ਦੀ ਵੀ ਮੰਗ ਕੀਤੀ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਅਧਿਕਾਰ ਤਾਂ ਸਾਰੇ ਵਰਤਣਾ ਜਾਣਦੇ ਹਨ, ਪਰੰਤੂ ਫਰਜ਼ ਕੋਈ ਨਹੀਂ ਨਿਭਾਉਂਦਾ। ਉਹਨਾਂ ਸਮੂਹ ਕੌਂਸਲਰ ਸਾਹਿਬਾਨ ਨੂੰ ਕਿਹਾ ਕਿ ਤੁਸੀ ਵੀ ਮਸ਼ੀਨਰੀ ਦਾ ਹਿੱਸਾ ਹੋ। ਤੁਹਾਡਾ ਫਰਜ਼ ਬਣਦਾ ਹੈ ਕਿ ਤੁਸੀ ਲੋਕਾਂ ਨੂੰ ਜਾਗਰੂਕ ਕਰੋ। ਵਿਦੇਸ਼ਾਂ ਵਿੱਚ ਵੀ ਤਾਂ ਲੋਕ ਆਪਣੇ ਘਰਾਂ ਦਾ ਕੂੜਾ ਲੈ ਕੇ ਡੰਪ ਤੱਕ ਜਾਂਦੇ ਹਨ। ਕਮਿਸ਼ਨਰ ਸਾਹਿਬ ਨੇ ਕਿਹਾ ਕਿ ਉਹਨਾਂ ਸ਼ਹਿਰ ਦੀਆਂ ਗਲੀਆਂ ਘੁੰਮੀਆਂ ਹਨ। ਲੋਕਾਂ ਵੱਲੋਂ ਆਪਣੇ ਥੜੇ ਵਧਾ ਕੇ ਪਾਣੀ ਦੀ ਨਿਕਾਸੀ ਵਾਲੀਆਂ ਪਾਈਪਾਂ ਥੱਲੇ ਦੱਬ ਦਿੱਤੀਆਂ ਹਨ। ਜੇਕਰ ਕਿਸੇ ਦਾ ਥੜਾ ਤੋੜਨ ਜਾਂਦੇ ਹਾਂ ਤਾਂ 6 ਸਿਫਾਰਸ਼ਾਂ ਆ ਜਾਂਦੀਆਂ ਹਨ, ਕਿ ਅਜਿਹਾ ਨਾ ਕੀਤਾ ਜਾਵੇ। ਇਸ ਨਾਲ ਗਲੀਆਂ ਦਾ ਬੁਰਾ ਹਾਲ ਹੋ ਰਿਹਾ ਹੈ।

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦਾ ਵਾਰਡ ਦੋ ਜ਼ੋਨਾਂ ਵਿੱਚ ਪੈਂਦਾ ਹੈ। ਉਹਨਾਂ ਦੇ ਵਾਰਡ ਵਿੱਚ ਸਫਾਈ ਦੀ ਹਾਲਤ ਮਾੜੀ ਹੈ। ਟਿੱਪਰ ਡਰਾਈਵਰਾਂ ਦੇ ਨਵੇਂ ਹੋਣ ਕਾਰਨ ਘਰਾਂ ਵਿੱਚੋਂ ਲੋਕਾਂ ਦਾ ਕੂੜਾ ਨਹੀਂ ਚੁੱਕਿਆ ਜਾ ਰਿਹਾ। ਇਸਤੋਂ ਇਲਾਵਾ ਮੇਨ ਰੋਡ ਦਾ ਕੂੜਾ ਵੀ ਨਹੀਂ ਚੁੱਕਿਆ ਜਾ ਰਿਹਾ। ਉਹਨਾਂ ਦਸਿਆ ਕਿ ਬੱਲਾ ਰਾਮ ਨਗਰ ਮੇਨ ਰੋਡ ਤੇ ਤਕਰੀਬਨ 40 ਗਲੀਆਂ ਲਗਦੀਆਂ ਹਨ। ਉਹਨਾਂ 2-3 ਹੋਰ ਨਵੀਆਂ ਟਰਾਲੀਆਂ ਖਰੀਦ ਕੇ ਉਹਨਾਂ ਦੇ ਵਾਰਡ ਵਿੱਚ ਸਫਾਈ ਦੇ ਕੰਮ ਲਈ ਲਗਾਉਣ ਲਈ ਕਿਹਾ।

ਸ਼੍ਰੀ ਮਲਕੀਤ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਉਹਨਾਂ ਨੂੰ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਜੁਆਇਨ ਕਰਨ ਅਤੇ ਉਹਨਾਂ ਵੱਲੋਂ ਸਫਾਈ ਦੇ ਕੰਮ ਕਰਨ ਦੇ ਤਰੀਕੇ ਤੋਂ ਬਹੁਤ ਖੁਸ਼ੀ ਹੋਈ ਹੈ। ਉਹਨਾਂ ਕਿਹਾ ਕਿ ਅਸੀ ਵੀ ਇਸ ਤਰਜ਼ ਤੇ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਾਂ।

ਸ਼੍ਰੀ ਮਲਕੀਤ ਸਿੰਘ ਗਿੱਲ, ਕੌਂਸਲਰ ਨੇ ਦਸਿਆ ਕਿ ਕਿਲਾ ਮੁਬਾਰਕ ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ। ਇੰਨ੍ਹਾਂ ਵਿੱਚ ਬਾਹਰ ਤੋਂ ਆਉਣ ਵਾਲੇ ਸ਼ਰਧਾਲੂ ਵੀ ਸ਼ਾਮਲ ਹੁੰਦੇ ਹਨ। ਇਸ ਨਾਲ ਆਰਿਆ ਸਮਾਜ ਚੌਂਕ ਤੋਂ ਲੈ ਕੇ ਕਿਲਾ ਮੁਬਾਰਕ ਗੁਰਦੁਆਰਾ ਸਾਹਿਬ ਤੱਕ ਜਾਣ ਵਾਲੀ ਸੜ੍ਹਕ ਦੇ ਤੰਗ ਹੋਣ ਕਾਰਨ ਸਾਰਾ ਦਿਨ ਜਾਮ ਲਗਿਆ ਰਹਿੰਦਾ ਹੈ ਅਤੇ ਸ਼ਰਧਾਲੂਆਂ ਨੂੰ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਕਿਹਾ ਕਿ ਯੋਗ ਹੋਵੇਗਾ ਕਿ ਆਰਿਆ ਸਮਾਜ ਚੌਂਕ ਤੋਂ ਲੈ ਕੇ ਕਿਲਾ ਮੁਬਾਰਕ ਗੁਰਦੁਆਰਾ ਸਾਹਿਬ ਤੱਕ ਜਾਣ ਵਾਲੀ ਸੜ੍ਹਕ ਨੂੰ 2-2 ਫੁੱਟ ਚੌੜਾ ਕੀਤਾ ਜਾਵੇ। ਇਸ ਨਾਲ ਜਿੱਥੇ ਜਾਮ ਤੋਂ ਰਾਹਤ ਮਿਲੇਗੀ, ਉੱਥੇ ਸ਼ਰਧਾਲੂਆਂ ਨੂੰ ਵੀ ਦਰਸ਼ਨ ਸੌਖੇ ਹੋ ਸਕਣਗੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਤਿਹਾਸਕ ਡਿਜ਼ਾਇਨ ਦੇ ਮੱਦੇ ਨਜ਼ਰ ਰਾਸਤਾ ਚੌੜਾ ਕਰਨ ਨਾਲ ਦੁਕਾਨਦਾਰਾਂ ਦੇ ਸਮਾਨ ਦੀ ਵਿਕਰੀ ਤਕਰੀਬਨ 5 ਗੁਣਾ ਵੱਧ ਗਈ ਹੈ। ਉਹਨਾਂ ਕਿਹਾ ਕਿ ਜੇਕਰ ਸਮੂਹ ਕੌਂਸਲਰ ਸਾਹਿਬਾਨ ਸਾਥ ਦੇਣ ਤਾਂ ਇਸ ਸਬੰਧੀ ਵਿਚਾਰ ਕਰਕੇ ਰਾਸਤਾ ਚੌੜਾ ਕੀਤਾ ਜਾ ਸਕਦਾ ਹੈ। ਇਸਤੇ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਨੇ ਹੱਥ ਖੜ੍ਹੇ ਕਰਕੇ ਸਹਿਮਤੀ ਦਿੱਤੀ।

ਸ਼੍ਰੀਮਤੀ ਕਿਰਨ ਰਾਣੀ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਦੀ ਆਵਾ ਬਸਤੀ ਵਿੱਚ ਸੀਵਰੇਜ਼ ਦੀ ਬਹੁਤ ਜਿਆਦਾ ਸਮੱਸਿਆ ਹੋਣ ਕਾਰਨ ਲੋਕਾਂ ਨੂੰ ਦਿਕੱਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦਸਿਆ ਕਿ ਗਲੀ ਨੰਬਰ 8 ਦੇ ਸੀਵਰ ਨੂੰ ਮੇਨ ਰੋਡ ਤੇ ਪਾਏ 80 ਫੁੱਟ ਨਾਲ ਜੋੜਿਆ ਜਾਣਾ ਸੀ, ਜੋ ਕਿ ਅਜੇ ਤੱਕ ਜੋੜਿਆ ਨਹੀਂ ਗਿਆ। ਇਸ ਨਾਲ ਸੀਵਰ ਹਰ ਵੇਲੇ ਬਲਾਕ ਰਹਿੰਦਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਨਗਰ ਨਿਗਮ ਪਾਸ ਇੱਕ ਜੈਟਿੰਗ ਮਸ਼ੀਨ ਹੋਣ ਕਾਰਨ ਸਾਰੇ ਸ਼ਹਿਰ ਦੇ ਸੀਵਰ ਦੀ ਸਫਾਈ ਕਰਨ ਵਿੱਚ ਦਿੱਕਤ ਆ ਰਹੀ ਹੈ। ਇਸਤੋਂ ਇਲਾਵਾ ਪਿਛਲੇ ਡੇਢ ਮਹੀਨੇ ਤੋਂ ਸੀਵਰਮੈਨਾਂ ਦੀ ਚੱਲ ਰਹੀ ਹੜਤਾਲ ਕਾਰਨ ਵੀ ਸੀਵਰੇਜ਼ ਦੀ ਸਮੱਸਿਆ ਬਣੀ ਹੋਈ ਹੈ। ਉਹਨਾਂ ਦਸਿਆ ਕਿ ਸੀਵਰੇਜ਼ ਦੀ ਸਫਾਈ ਲਈ ਲੋੜੀਂਦੀ ਮਸ਼ੀਨਰੀ ਲੈਣ ਖਾਤਰ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਨਾਲ ਵਿਚਾਰ ਕੀਤਾ ਗਿਆ ਸੀ। ਇਸਤੋਂ ਇਲਾਵਾ ਲਾਇਨੋਪਾਰ ਇਲਾਕੇ ਲਈ ਸੀਚੇਵਾਲ ਮਾਡਲ ਦੇ ਆਧਾਰ ਤੇ ਪ੍ਰੋਜੈਕਟ ਬਣਾਇਆ ਜਾ ਰਿਹਾ ਹੈ। ਹੋਰ ਮਸ਼ੀਨਰੀ ਲੈਣ ਅਤੇ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਸ਼ਹਿਰ ਦੀ ਸੀਵਰੇਜ਼ ਵਿਵਸਥਾ ਵਿੱਚ ਕਾਫੀ ਸੁਧਾਰ ਹੋਵੇਗਾ।

ਕਾਰਜਕਾਰੀ ਮੇਅਰ ਦੇ ਇਹ ਪੁੱਛਣ ਤੇ ਕਿ ਸੁਪਰ ਸਕੱਰ ਮਸ਼ੀਨ ਇਸ ਸਮੇਂ ਕਿੱਥੇ ਕੰਮ ਕਰ ਰਹੀ ਹੈ ਤਾਂ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੇ ਦਸਿਆ ਕਿ ਇਸ ਸਮੇਂ ਸੁਪਰ ਸਕੱਰ ਮਸ਼ੀਨ ਗਿਦੜਬਾਹਾ ਵਿਖੇ ਕੰਮ ਕਰ ਰਹੀ ਹੈ। ਇਸਤੇ ਰੋਸ ਪ੍ਰਗਟ ਕਰਦੇ ਹੋਏ ਹਾਊਸ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਨੇ ਨਗਰ ਨਿਗਮ ਦੀ ਅਗਾਊਂ ਮੰਨਜ਼ੂਰੀ ਲਏ ਬਿਨ੍ਹਾਂ ਮਸ਼ੀਨ ਬਾਹਰ ਭੇਜਣ ਦੇ ਦੋਸ਼ ਵਿੱਚ ਸਬੰਧਤ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਬਠਿੰਡਾ ਨੂੰ ਸਸਪੈਂਡ ਕਰਨ ਲਈ ਕਿਹਾ। ਵਿਰੋਧ ਨੂੰ ਦੇਖਦੇ ਹੋਏ ਪਾਸ ਕੀਤਾ ਗਿਆ

ਕਿ ਸੁਪਰ ਸਕੱਰ ਮਸ਼ੀਨ, ਨਗਰ ਨਿਗਮ ਦੀ ਮੰਨਜ਼ੂਰੀ ਤੋਂ ਬਿਨ੍ਹਾਂ ਸ਼ਹਿਰ ਤੋਂ ਬਾਹਰ ਨਹੀਂ ਭੇਜੀ ਜਾਵੇਗੀ। ਜੇਕਰ ਅਜਿਹਾ ਕੀਤਾ ਜਾਂਦਾ ਹੈ ਤਾਂ ਸਬੰਧਤ ਅਧਿਕਾਰੀ ਨੂੰ ਸਸਪੈਂਡ ਕਰਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਹਨਾਂ ਦਸਿਆ ਕਿ ਸੀਵਰੇਜ਼ ਦੀ ਸਫਾਈ ਲਈ ਲੋੜੀਂਦੀ ਮਸ਼ੀਨਰੀ ਲੈਣ ਖਾਤਰ ਹਾਊਸ ਵੱਲੋਂ ਪਹਿਲਾਂ ਹੀ ਮਤਾ ਪਾਸ ਕੀਤਾ ਜਾ ਚੁੱਕਾ ਹੈ। ਇਸ ਲਈ ਦੇਰ ਨਾ ਕਰਦੇ ਹੋਏ ਜਲਦ ਤੋਂ ਜਲਦ ਲੋੜੀਂਦੀ ਮਸ਼ੀਨਰੀ ਲੈ ਲਈ ਜਾਵੇ।

ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਕਾਰਜਕਾਰੀ ਮੇਅਰ ਦੇ ਕੰਮ ਕਰਨ ਦੇ ਤਰੀਕੇ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਸ਼੍ਰੀ ਅਸ਼ੋਕ ਕੁਮਾਰ, ਕਾਰਜਕਾਰੀ ਮੇਅਰ ਜੋ ਇਸ ਸਮੇਂ ਬਤੌਰ ਮੇਅਰ ਕੰਮ ਕਰ ਰਹੇ ਹਨ, ਉਹਨਾਂ ਦੀ ਰਹਿਨੁਮਾਈ ਵਿੱਚ ਸ਼ਹਿਰ ਬਹੁਤ ਹੀ ਤਰੱਕੀ ਕਰ ਰਿਹਾ ਹੈ। ਇਹਨਾਂ ਦੀ ਖਾਸੀਅਤ ਇਹ ਵੀ ਹੈ ਕਿ ਇਹ ਸਮੂਹ ਕੌਂਸਲਰ ਸਾਹਿਬਾਨ ਨੂੰ ਆਪਣੇ ਨਾਲ ਲੈ ਕੇ ਚਲਦੇ ਹਨ ਅਤੇ ਕਿਸੇ ਵੀ ਕੌਂਸਲਰ ਦੇ ਕਹੇ ਕੰਮ ਨੂੰ ਪੂਰਾ ਕਰਵਾਉਣ ਦਾ ਹਰ ਸੰਭਵ ਯਤਨ ਕਰਦੇ ਹਨ।

ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਘਰਾਂ ਵਿੱਚੋਂ ਕੂੜ੍ਹਾ ਚੁੱਕਣ ਵਾਲੇ ਟਿੱਪਰ ਰੋਜ਼ਾਨਾ ਖਰਾਬ ਹੋਏ ਰਹਿੰਦੇ ਹਨ।ਇਹਨਾਂ ਦੀ ਰਿਪੇਅਰ ਸਬੰਧੀ ਵਾਰ-ਵਾਰ ਪੇਸ਼ ਹੋਣ ਤੇ ਠੀਕ ਨਹੀਂ ਲਗਦਾ। ਇਸ ਲਈ ਯੋਗ ਹੋਵੇਗਾ ਕਿ ਨਗਰ ਨਿਗਮ ਵੱਲੋਂ ਕੂੜ੍ਹਾ ਚੁੱਕਣ ਲਈ 20 ਹੋਰ ਨਵੀਆਂ ਟ੍ਰੈਕਟਰ-ਟਰਾਲੀਆਂ ਦੀ ਖਰੀਦ ਕਰ ਲਈ ਜਾਵੇ। ਇਸਤੇ ਆਉਣ ਵਾਲੇ ਖਰਚੇ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਯੋਗ ਹੋਵੇਗਾ ਕਿ ਇਹਨਾਂ ਟ੍ਰੈਕਟਰ-ਟਰਾਲੀਆਂ ਦੀ ਖਰੀਦ ਦੇ ਨਾਲ-ਨਾਲ ਸ਼ਹਿਰ ਦੀਆਂ ਭੀੜੀਆਂ ਗਲੀਆਂ ਵਿੱਚੋਂ ਕੂੜ੍ਹਾ ਕੂਲੈਕਟ ਕਰਨ ਲਈ ਰਿਕਸ਼ਾ-ਰੇਹੜੀਆਂ ਦੀ ਵੀ ਖਰੀਦ ਕਰ ਲਈ ਜਾਵੇ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਪਹਿਲਾਂ ਸ਼ਹਿਰ ਦਾ ਸਰਵੇ ਕਰਦੇ ਹੋਏ ਲੋੜੀਂਦੀ ਮਸ਼ੀਨਰੀ ਖਰੀਦ ਕੀਤੀ ਜਾਵੇਗੀ।

ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਨੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਵੱਲੋਂ ਸ਼ਹਿਰ ਵਿੱਚ ਕਰਵਾਏ ਜਾਣ ਵਾਲੇ ਕੰਮਾਂ ਦੀ ਪ੍ਰਸ਼ੰਸਾ ਕੀਤੀ। ਉਹਨਾ ਖਾਲੀ ਪਲਾਟਾਂ ਅਤੇ ਬੰਦ ਘਰਾਂ ਤੋਂ ਕੂੜ੍ਹਾ ਕੂਲੈਕਸ਼ਨ ਦੇ ਚਾਰਜ਼ਿਜ਼ ਖਤਮ ਕਰਨ ਦੀ ਮੰਗ ਕੀਤੀ। ਉਹਨਾਂ ਰੋਜ਼ ਗਾਰਡਨ ਵਿਖੇ ਇਕ ਦੀ ਬਜਾਏ ਦੋ ਮੋਟਰਾਂ ਲਗਾਉਣ ਦੀ ਵੀ ਮੰਗ ਕੀਤੀ। ਉਹਨਾਂ ਦਸਿਆ ਕਿ ਪੰਚਵਟੀ ਨਗਰ ਵਿਖੇ ਦੋ ਤਿੰਨ ਹੋਟਲਾਂ ਦੇ ਕੋਲ ਸੀਵਰ ਹਰ ਵੇਲੇ ਜਾਮ ਰਹਿਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਹਨਾਂ ਹੋਟਲਾਂ ਵਾਲਿਆਂ ਵੱਲੋਂ ਐਸ.ਟੀ.ਪੀ. ਬਣਾਇਆ ਹੋਇਆ ਹੈ ਜਾਂ ਨਹੀਂ, ਇਸ ਸਬੰਧੀ ਚੈਕ ਕਰਕੇ ਰਿਪੋਰਟ ਕੀਤੀ ਜਾਵੇ ਤਾਂ ਜੋ ਲੋੜੀਂਦਾ ਹੱਲ ਕੀਤਾ ਜਾ ਸਕੇ। ਸ੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਨੇ ਜੀ.ਟੀ. ਰੋਡ ਤੇ ਸੰਡੇ ਸੇਲ ਵਾਲੇ ਚੌਂਕ ਵਿੱਚ ਟ੍ਰੈਫਿਕ ਲਾਈਟਾਂ ਲਗਾਉਣ ਦੀ ਮੰਗ ਕੀਤੀ।

ਸ਼੍ਰੀਮਤੀ ਮਨਜੀਤ ਕੋਰ, ਕੌਂਸਲਰ ਨੇ ਕਿਹਾ ਕਿ ਜੋ ਵਿਕਾਸ ਦੇ ਕੰਮ ਪਹਿਲਾਂ ਪਾਸ ਕੀਤੇ ਜਾ ਚੁੱਕੇ ਹਨ, ਉਹਨਾਂ ਦੇ ਟੈਂਡਰ ਲਗਾ ਕੇ ਕੰਮ ਕਰਵਾਏ ਜਾਣ। ਉਹਨਾਂ ਕਿਹਾ ਕਿ ਭਾਗੂ ਰੋਡ ਤੇ ਟ੍ਰੈਫਿਕ ਜਿਆਦਾ ਹੋਣ ਕਾਰਨ ਇਸ ਸੜ੍ਹਕ ਨੂੰ ਚੌੜ੍ਹੀ ਕਰਨ ਸਬੰਧੀ ਮਤਾ ਪਹਿਲਾਂ ਹੀ ਹਾਊਸ ਵੱਲੋਂ ਪਾਸ ਕੀਤਾ ਜਾ ਚੁੱਕਾ ਹੈ। ਉਹਨਾਂ ਇਸ ਸਬੰਧੀ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਇਸਤੇ ਨਿਗਮ ਇੰਜੀਨੀਅਰ ਨੇ ਕਿਹਾ ਕਿ ਇਸ ਸੜ੍ਹਕ ਤੇ ਸ਼ਾਮਲਾਟ ਵਾਲੀ ਜਗ੍ਹਾ ਤਾਂ ਛੁਡਵਾਉਣੀ ਸੌਖੀ ਹੈ। ਰਜਿਸਟਰੀ ਵਾਲੀ ਜਗ੍ਹਾ ਦੀ ਨਿਸ਼ਾਨਦੇਹੀ ਕਰਕੇ ਐਕੂਜੀਸ਼ਨ ਕਰਨ ਸਬੰਧੀ ਕਾਰਵਾਈ ਜਲਦ ਹੀ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਉਪਰੰਤ ਸੜ੍ਹਕ ਚੌੜ੍ਹੀ ਕਰ ਦਿੱਤੀ ਜਾਵੇਗੀ।

ਸ਼੍ਰੀਮਤੀ ਮਮਤਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਦੇ ਜਨਤਾ ਨਗਰ ਦੀ ਗਲੀ ਨੰਬਰ 1 ਵਿੱਚ ਸੀਵਰ ਹਰ ਸਮੇਂ ਬਲਾਕ ਰਹਿੰਦਾ ਹੈ। ਉਹਨਾਂ ਇਸਨੂੰ ਜਲਦ ਤੋਂ ਜਲਦ ਖੁਲਵਾਉਣ ਦੀ ਮੰਗ ਕੀਤੀ।

ਸ਼੍ਰੀਮਤੀ ਉਸ਼ਾ ਗੋਇਲ, ਕੌਂਸਲਰ ਨੇ ਕਿਹਾ ਕਿ ਕਿਲਾ ਮੁਬਾਰਕ ਗੁਰਦੁਆਰਾ ਸਾਹਿਬ ਤੋਂ ਲੈ ਕੇ ਮਹਿਣਾ ਚੌਂਕ ਅਤੇ ਪੁਰਾਣਾ ਥਾਣਾ ਰੋਡ ਤੇ ਸੀਵਰ ਹਰ ਸਮੇਂ ਬਲਾਕ ਰਹਿੰਦਾ ਹੈ। ਉਹਨਾਂ ਦਸਿਆ ਕਿ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਗੁਰਦੁਆਰਾ ਸਾਹਿਬ ਵਿਖੇ ਦਰਸ਼ਨ ਕਰਨ ਲਈ ਇਹਨਾਂ ਰਸਤਿਆਂ ਤੋਂ ਜਾਂਦੀ ਹੈ। ਉਹਨਾਂ ਨੂੰ ਗੰਦੇ ਪਾਣੀ ਵਿੱਚੋਂ ਹੋ ਕੇ ਆਉਣਾ ਜਾਣਾ ਪੈਂਦਾ ਹੈ। ਇਸਤੋਂ ਇਲਾਵਾ ਇਹਨਾਂ ਸੜ੍ਹਕਾਂ ਤੇ ਸਫਾਈ ਦਾ ਵੀ ਮਾੜਾ ਪ੍ਰਬੰਧ ਹੈ। ਉਹਨਾਂ ਜਲਦ ਤੋਂ ਜਲਦ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਅਗਲੇ ਇੱਕ ਹਫਤੇ ਦੋਰਾਨ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ ਮੰਗ ਪੱਤਰ ਦਿੰਦੇ ਹੋਏ ਕਿਹਾ ਕਿ ਜਿਸ ਵੀ ਕੌਂਸਲਰ ਵੱਲੋਂ ਕੋਈ ਲਿਖਿਤ ਪੱਤਰ ਦੇ ਮਾਧਿਅਮ ਰਾਹੀਂ ਅਫਸਰ ਸਾਹਿਬਾਨਾਂ ਤੋਂ ਕੋਈ ਜਾਣਕਾਰੀ ਮੰਗੀ ਜਾਂਦੀ ਹੈ ਤਾਂ ਉਸ ਪੱਤਰ ਦਾ ਕੋਈ ਲਿਖਿਤ ਜਵਾਬ ਨਹੀਂ ਦਿੱਤਾ ਜਾਂਦਾ। ਉਹਨਾਂ ਲਿਖਤੀ ਜਵਾਬ ਦੇਣ ਸਬੰਧੀ ਕਿਹਾ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜਿਸਦਾ ਜਵਾਬ ਲਿਖਤੀ ਤੋਰ ਤੇ ਮੰਗਿਆ ਜਾਵੇਗਾ, ਉਹ ਦਿੱਤਾ ਜਾਵੇਗਾ। ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਨਜਾਇਜ ਉਸਾਰੀਆਂ ਸਬੰਧੀ ਬਿਲਡਿੰਗ ਬਰਾਂਚ ਵੱਲੋਂ ਸੀਲਿੰਗ ਕੀਤੀ ਜਾਂਦੀ ਹੈ। ਪਿਛਲੇ 02 ਸਾਲਾਂ ਵਿੱਚ ਬਿਲਡਿੰਗਾਂ ਉਪਰ ਨਿਗਮ ਵੱਲੋਂ ਸੀਲਾਂ ਲਗਾਈਆਂ ਗਈਆਂ ਸਨ, ਸਾਨੂੰ ਉਸਦੀ ਜਾਣਕਾਰੀ ਦਿੱਤੀ ਜਾਵੇ ਕਿ

ਕਿਸ-ਕਿਸ ਬਿਲਡਿੰਗ ਨੂੰ ਸੀਲ ਕੀਤਾ ਗਿਆ।

ਕਿਸ ਨਜਾਇਜ ਬਿਲਡਿੰਗ ਨੂੰ ਜੇ.ਸੀ.ਬੀ. ਨਾਲ ਗਿਰਾਇਆ ਗਿਆ।

ਕਿਸਦੇ ਹੁਕਮਾਂ ਨਾਲ ਸੀਲਿੰਗ ਖੋਲੀ ਗਈ।

ਕਿਉਂਕਿ ਕੁੱਝ ਬਿਲਡਿੰਗਾਂ ਸੀਲ ਹੋਣ ਤੋਂ ਬਾਅਦ ਵੀ ਤਿਆਰ ਹੋ ਚੁੱਕੀਆਂ ਹਨ ਅਤੇ ਚੱਲ ਰਹੀਆਂ ਹਨ।

ਉਹਨਾਂ ਕਿਹਾ ਕਿ ਨਗਰ ਨਿਗਮ ਦੀ ਮਾਲਕੀ ਵਾਲੀ ਸ਼ਾਮਲਾਟ ਜਗ੍ਹਾ ਜਿਵੇਂ ਕਿ ਬੀਬੀ ਵਾਲਾ ਰੋਡ ਤੇ ਢਿੱਲੋਂ ਜਿੰਮ ਦੇ ਨੇੜੇ ਅਤੇ ਬੀਬੀ ਵਾਲਾ ਰੋਡ ਤੇ ਆਈ.ਸੀ.ਆਈ.ਸੀ.ਆਈ. ਚੌਂਕ ਵਿਖੇ ਬਰਿਜਵਾਸੀ ਹੋਟਲ ਦੇ ਕੋਲ ਨਜਾਇਜ ਤੋਰ ਤੇ ਨਕਸ਼ੇ ਪਾਸ ਹੋਏ ਹਨ, ਉਸ ਸਬੰਧੀ ਲਿਖਿਤ ਵਿੱਚ ਜਾਣਕਾਰੀ ਮੰਗੀ ਗਈ ਸੀ। ਪਰੰਤੂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਸ ਲਈ ਜਾਣਕਾਰੀ ਮੁੱਹਈਆ ਕਰਵਾਈ ਜਾਵੇ ਅਤੇ ਜਿੰਨ੍ਹਾਂ ਅਧਿਕਾਰੀਆਂ ਵੱਲੋਂ ਗਲਤ ਤਰੀਕੇ ਨਾਲ ਨਕਸ਼ੇ ਪਾਸ ਕੀਤੇ ਗਏ ਹਨ, ਉਹਨਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਸਫਾਈ ਮੇਟ ਦੀ ਬਦਲੀ ਹੋਣ ਦੇ ਬਾਵਜੂਦ ਉਸ ਮੇਟ ਵੱਲੋਂ ਹੁਕਮਾਂ ਦੀ ਕਾਪੀ ਵੀ ਨਹੀਂ ਲਈ ਜਾ ਰਹੀ ਅਤੇ ਨਾ ਹੀ ਆਪਣੀ ਡਿਊਟੀ ਕੀਤੀ ਜਾ ਰਹੀ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਚੀਫ ਸੈਨਟਰੀ ਇੰਸਪੈਕਟਰ ਨੂੰ ਹਦਾਇਤ ਕੀਤੀ ਕਿ ਜਿਸ ਨਵੇਂ ਮੇਟ ਨੂੰ ਉਸ ਜਗ੍ਹਾ ਲਗਾਇਆ ਗਿਆ ਹੈ, ਉਸਦਾ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ। ਜੇਕਰ ਨਵਾਂ ਅਤੇ ਪੁਰਾਣਾ ਮੇਟ ਆਪਣੀਆਂ ਹਾਜ਼ਰੀਆਂ ਤੇ ਪੇਸ਼ ਨਹੀਂ ਹੁੰਦੇ ਤਾਂ ਉਹਨਾਂ ਦੀ ਗੈਰ ਹਾਜ਼ਰੀ ਲਗਾਈ ਜਾਵੇ।

ਸ਼੍ਰੀਮਤੀ ਪੁਸ਼ਪਾ ਰਾਣੀ ਕੌਂਸਲਰ ਨੇ ਆਪਣੇ ਵੱਲੋਂ ਦਿੱਤੇ ਗਏ ਮੰਗ ਪੱਤਰ ਤੇ ਇੱਕ ਮਹੀਨੇ ਦੇ ਅੰਦਰ-ਅੰਦਰ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ।

ਸ਼੍ਰੀ ਬਲਰਾਜ ਸਿੰਘ ਪੱਕਾ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਮਾਨਸਾ ਰੋਡ ਪੁੱਲ ਦੇ ਕੋਲ ਵੀ ਅਜਿਹੀਆਂ ਬਿਲਡਿੰਗਾਂ ਹਨ, ਜਿੰਨ੍ਹਾਂ ਨੂੰ ਨਗਰ ਨਿਗਮ ਵੱਲੋਂ ਸੀਲ ਕੀਤਾ ਗਿਆ ਸੀ। ਪਰੰਤੂ ਹੁਣ ਸੀਲ ਖੋਲ ਦਿੱਤੀ ਗਈ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਅਜਿਹੀਆਂ ਬਿਲਡਿੰਗਾਂ ਨੂੰ ਢਾਉਣ ਦੇ ਹੁਕਮ ਪਾਸ ਕੀਤੇ ਜਾ ਚੁੱਕੇ ਹਨ। ਜਲਦ ਹੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼੍ਰੀਮਤੀ ਕੁਲਵਿੰਦਰ ਕੋਰ ਸਿੱਧੂ, ਕੌਂਸਲਰ ਵੱਲੋਂ ਲਿਖਤੀ ਮੰਗ ਪੱਤਰ ਦਿੱਤਾ ਕਿ ਪਰਸ ਰਾਮ ਨਗਰ, ਮੇਨ ਰੋਡ ਤੇ ਜੋ ਬਹਿਮਣ ਪੁੱਲ ਬਣਿਆ ਹੋਇਆ ਸੀ, ਉਹ ਪਿਛਲੇ 8-10 ਮਹੀਨਿਆਂ ਤੋਂ ਟੁੱਟ ਚੁੱਕਿਆ ਹੈ। ਨਹਿਰ ਦੇ ਦੂਸਰੇ ਪਾਸੇ ਵਿਸ਼ਵਾਸ ਕਲੋਨੀ, ਵਿਸ਼ਵਾਸ ਸਕੂਲ, ਪਿੰਡ ਬਹਿਮਣ ਦੀਵਾਨਾ ਅਤੇ ਕਈ ਹੋਰ ਪਿੰਡ ਵਸਦੇ ਹਨ, ਜਿੰਨ੍ਹਾਂ ਦੀ ਆਬਾਦੀ ਕਾਫੀ ਜਿਆਦਾ ਹੈ। ਇਹ ਬਹਿਮਣ ਪੁੱਲ ਵਾਲੀ ਰੋਡ ਅੱਗੇ ਜਾ ਕੇ ਰਿੰਗ ਰੋਡ ਤੇ ਹੁੰਦੀ ਹੋਈ ਬਾਦਲ ਰੋਡ ਅਤੇ ਮਲੋਟ ਰੋਡ ਨੂੰ ਜੋੜਦੀ ਹੈ। ਵਿਸ਼ਵਾਸ ਕਲੋਨੀ ਵਿੱਚ ਗਰੀਬ ਅਤੇ ਦਿਹਾੜੀਦਾਰ ਲੋਕ ਰਹਿੰਦੇ ਹਨ। ਜਿੰਨ੍ਹਾਂ ਨੂੰ ਰੋਜ਼ਾਨਾ ਬਠਿੰਡਾ ਸ਼ਹਿਰ ਵਿੱਚ ਦਿਹਾੜੀ ਕਰਨ ਲਈ 10-15 ਕਿਲੋਮੀਟਰ ਉਪਰ ਦੀ ਹੋ ਕੇ ਆਉਣਾ ਪੈਂਦਾ ਹੈ। ਸਕੂਲ ਦੇ ਬੱਚਿਆਂ ਨੂੰ ਕਾਫੀ ਦਿੱਕਤ ਆਉਂਦੀ ਹੈ। ਪਰਸ ਰਾਮ ਨਗਰ ਵਿੱਚ ਵਸਦੀ ਆਬਾਦੀ ਦੇ ਬੱਚੇ ਸਕੂਲ ਵਿੱਚ ਸਾਈਕਲ, ਪੈਦਲ ਰਾਹੀਂ ਜਾਂਦੇ ਹਨ, ਜੋ ਕਿ ਬਹੁਤ ਔਖੇ ਹੋ ਕੇ ਸਕੂਲ ਵਿੱਚ ਜਾਂਦੇ ਹਨ। ਕਿਉਂਕਿ ਪੁੱਲ ਟੁੱਟਣ ਕਾਰਨ ਸਕੂਲ ਜਾਣ ਲਈ ਕੋਈ ਹੋਰ ਰਾਸਤਾ ਨਹੀਂ ਹੈ। ਉਹਨਾਂ ਬੇਨਤੀ ਕੀਤੀ ਕਿ ਉਕਤ ਪੁੱਲ ਨਵਾਂ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਪਰੇਸ਼ਾਨੀ ਨਾ ਆਵੇ। ਇਸਦੇ ਨਾਲ ਹੀ ਪਹਿਲਾਂ ਜੋ ਪੁੱਲ ਬਣਿਆ ਹੋਇਆ ਸੀ, ਉਹ ਕਾਫੀ ਤੰਗ ਸੀ। ਇਸ ਲਈ ਕ੍ਰਿਪਾ ਕਰਕੇ ਜੋ ਨਵਾਂ ਪੁੱਲ ਬਣਾਇਆ ਜਾਵੇਗਾ, ਉਸਨੂੰ ਚੌੜ੍ਹਾ ਬਣਾਇਆ ਜਾਵੇ ਜੀ।

ਉਕਤ ਤੋਂ ਇਲਾਵਾ ਉਹਨਾਂ ਨੇ ਹੇਠ ਲਿਖੇ ਅਨੁਸਾਰ ਮੰਗ ਪੱਤਰ ਦਿੱਤਾ ਕਿ:

1. ਪ੍ਰਤਾਪ ਨਗਰ ਮੇਨ ਰੋਡ ਗਲੀ ਨੰਬਰ 29 ਤੋਂ 35 ਤੱਕ ਪਿਛਲੇ 06 ਮਹੀਨਿਆਂ ਤੋਂ ਸੀਵਰ ਬੰਦ ਹੈ।
2. ਪ੍ਰਤਾਪ ਨਗਰ ਵਿੱਚ ਕੁੱਝ ਡੇਅਰੀ ਫਾਰਮ ਹਨ, ਜਿੰਨ੍ਹਾਂ ਕਰਕੇ ਸੀਵਰ ਬਲੋਕ ਰਹਿੰਦਾ ਹੈ। ਇੰਨ੍ਹਾਂ ਡੇਅਰੀ ਫਾਰਮਾਂ ਦੇ ਚਲਾਨ ਕੱਟੇ ਜਾਣ।
3. ਗਲੀ ਨੰਬਰ 33, 35,35/1,35/2, 35/3, 35-ਏ, 38,38/1,38/2,38/3 ਵਿੱਚ ਅਕਸਰ ਸੀਵਰ ਬਲੋਕ ਰਹਿੰਦਾ ਹੈ।

ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਦਸਿਆ ਕਿ ਨਗਰ ਨਿਗਮ ਵੱਲੋਂ ਰਾਜਿੰਦਰਾ ਕਾਲਜ ਰੋਡ ਤੇ ਖੱਡੇ ਹੋਣ ਕਾਰਨ ਪੇਚ ਵਰਕ ਕੀਤਾ ਗਿਆ ਸੀ। ਪਰੰਤੂ ਕਈ ਥਾਂਈਂ ਪੇਚ ਜਿਆਦਾ ਵੱਡੇ ਹੋਣ ਕਾਰਨ ਪਾਣੀ ਇਹਨਾਂ ਥਾਂਵਾਂ ਤੇ ਖੜ੍ਹਾ ਹੋਣ ਕਾਰਨ ਪੇਚ ਖਰਾਬ ਹੋ ਰਹੇ ਹਨ। ਉਹਨਾਂ ਕਿਲਾ ਮੁਬਾਰਕ ਗੁਰਦੁਆਰਾ ਸਾਹਿਬ ਪਾਸ ਵੀ ਪੇਚ ਲਗਾਉਣ ਦੀ ਮੰਗ ਕੀਤੀ। ਉਹਨਾਂ ਰਾਜਿੰਦਰਾ ਕਾਲਜ ਰੋਡ ਤੇ ਬਣੇ ਕੂੜੇ ਦਾ ਡੰਪ ਹਟਾਉਣ ਦੀ ਵੀ ਮੰਗ ਕੀਤੀ। ਉਹਨਾਂ ਦਸਿਆ ਕਿ ਕਿਲਾ ਮੁਬਾਰਕ ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ ਕਈ ਸ਼ਰਧਾਲੂ ਨੰਗੇ ਪੈਰੀਂ ਆਉਂਦੇ ਹਨ। ਪਰੰਤੂ ਥਾਂ ਥਾਂ ਕੂੜ੍ਹੇ ਦੇ ਢੇਰ ਹੋਣ ਕਾਰਨ ਇਹਨਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਜਲਦ ਤੋਂ ਜਲਦ ਕੂੜ੍ਹੇ ਦੇ ਡੰਪ ਹਟਾਏ ਜਾਣ। ਇਸਤੇ ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਆਮ ਲੋਕਾਂ ਵੱਲੋਂ ਹੀ ਆਪਣੇ ਪੱਧਰ ਤੇ ਇਹਨਾਂ ਥਾਂਵਾਂ ਤੇ ਕੂੜ੍ਹੇ ਦੇ ਡੰਪ ਬਣਾਏ ਗਏ ਹਨ। ਇਸ ਲਈ ਯੋਗ ਹੋਵੇਗਾ ਕਿ ਸਬੰਧਤ ਕੌਂਸਲਰ ਸਾਹਿਬਾਨ ਵੱਲੋਂ ਆਪਣੇ ਵਾਰਡ ਦੇ ਵਸਨੀਕਾਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਇਹਨਾਂ ਥਾਂਵਾਂ ਤੇ ਕੂੜ੍ਹਾ ਨਾ ਸੁੱਟਿਆ ਜਾਵੇ। ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਭਾਈ ਕਾ ਮੁੱਹਲਾ ਵਿਖੇ ਪੀਣ ਵਾਲੇ ਪਾਣੀ ਦੇ ਨਾ ਆਉਣ ਦੀ ਸਮੱਸਿਆ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਇਹ ਵੀ ਕਿਹਾ ਕਿ ਨਗਰ ਨਿਗਮ ਵੱਲੋਂ ਕਈ ਵਾਰ ਸੜ੍ਹਕਾਂ ਬਨਾਉਣ ਸਮੇਂ ਪੁਰਾਣੀਆਂ ਟਾਇਲਾਂ ਨੂੰ ਪੁੱਟ ਕੇ ਉਸ ਜਗ੍ਹਾ ਉਹੀ ਪੁਰਾਣੀਆਂ ਟਾਇਲਾਂ ਲਗਾਉਣ ਕਾਰਨ ਲੋਕਾਂ ਵਿੱਚ ਰੋਸ ਦੇਖਣ ਨੂੰ ਮਿਲਦਾ ਹੈ। ਇਸ ਲਈ ਉਹਨਾਂ ਪੁਰਾਣੀਆਂ ਟਾਇਲਾਂ ਦੀ ਥਾਂ ਤੇ ਨਵੀਆਂ ਟਾਇਲਾਂ ਲਗਾਉਣ ਦੀ ਮੰਗ ਕੀਤੀ। ਇਸਤੇ ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਦਸਿਆ ਕਿ ਨਗਰ ਨਿਗਮ ਵੱਲੋਂ ਪਹਿਲਾਂ ਹੀ ਪਾਸ ਕੀਤਾ ਜਾ ਚੁੱਕਾ ਹੈ ਕਿ ਜੇਕਰ ਟਾਇਲਾਂ ਠੀਕ ਪਈਆਂ ਹਨ, ਤਾਂ ਉਸ ਸੜ੍ਹਕ ਤੇ 60% ਟਾਇਲਾਂ ਪੁਰਾਣੀਆਂ ਹੀ ਲਗਾਈਆਂ ਜਾਣਗੀਆਂ। ਇਸ ਲਈ ਉਸ ਜਗ੍ਹਾ ਦੇ ਵਸਨੀਕਾਂ ਨੂੰ ਸਬੰਧਤ ਕੌਂਸਲਰ ਵੱਲੋਂ ਸਮਝਾਉਣਾ ਉਚਿਤ ਹੋਵੇਗਾ।

ਸ਼੍ਰੀ ਆਤਮਾ ਸਿੰਘ, ਕੌਂਸਲਰ ਨੇ ਕਿਹਾ ਕਿ ਉਕਤ ਅਨੁਸਾਰ ਸ਼੍ਰੀ ਮਲਕੀਤ ਸਿੰਘ ਗਿੱਲ, ਕੌਂਸਲਰ ਵੱਲੋਂ ਆਰਿਆ ਸਮਾਜ ਚੌਂਕ ਤੋਂ ਲੈ ਕੇ ਕਿਲਾ ਮੁਬਾਰਕ ਗੁਰਦੁਆਰਾ ਸਾਹਿਬ ਤੱਕ ਸੜਕ ਚੌੜੀ ਕਰਨ ਦੀ ਮੰਗ ਬਿਲਕੁੱਲ ਵਾਜ਼ਬ ਹੈ ਅਤੇ ਇਹ ਕੰਮ ਜਲਦ ਤੋਂ ਜਲਦ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਨਿਗਮ ਦੇ ਅਧਿਕਾਰੀਆਂ ਵੱਲੋਂ ਪੁਰਾਣੇ ਦਫਤਰ ਦੀ ਥਾਂ ਤੇ ਨਵਾਂ ਦਫਤਰ ਬਨਾਉਣ ਸਬੰਧੀ ਵੀਡਿਉ ਸਕਰੀਨ ਤੇ ਦਿਖਾਈ ਗਈ ਸੀ। ਪਰੰਤੂ ਅਜੇ ਤੱਕ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਵਾਰਡ ਵਿੱਚ ਚੱਲ ਰਹੀ ਸੀਵਰੇਜ਼ ਦੀ ਸਮੱਸਿਆ ਦਾ ਹੱਲ ਕਰਨ ਤੇ ਪੁੱਛਣ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਮੁਲਤਾਨੀਆ ਰੋਡ, ਬੀੜ ਰੋਡ ਤੇ ਸੀਵਰੇਜ਼ ਦੀ ਜਲਦ ਹੀ ਸਫਾਈ ਕਰਵਾਈ ਜਾਵੇਗੀ। ਸ਼੍ਰੀ ਆਤਮਾ ਸਿੰਘ, ਕੌਂਸਲਰ ਨੇ ਕਿਹਾ ਕਿ ਬੀੜ ਰੋਡ ਤੇ 700 ਮੀਟਰ ਪਾਏ ਜਾਣ ਵਾਲੇ ਸੀਵਰ ਦੀ ਥਾਂ ਤੇ ਸਿਰਫ 300 ਮੀਟਰ ਸੀਵਰ ਹੀ ਪਾਇਆ ਗਿਆ ਹੈ। ਉਹਨਾਂ ਜਲਦ ਤੋਂ ਜਲਦ ਬਾਕੀ ਸੀਵਰ ਪਾਉਣ ਦੀ ਮੰਗ ਕੀਤੀ।

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਦਸਿਆ ਕਿ ਮਾਹ ਜੂਨ 2025 ਵਿੱਚ ਤ੍ਰਿਵੇਣੀ ਨਾਲ ਕੀਤਾ ਇਕਰਾਰਨਾਮਾ ਖਤਮ ਹੋ ਜਾਵੇਗਾ। ਇਸ ਲਈ ਯੋਗ ਹੋਵੇਗਾ ਕਿ ਤ੍ਰਿਵੇਣੀ ਕੰਪਨੀ ਪਾਸੋਂ ਸ਼ਹਿਰ ਦੀਆਂ ਮੇਨ ਸੀਵਰ ਲਾਈਨਾਂ ਦੀ ਸਫਾਈ ਪਹਿਲਾਂ ਕਰਵਾ ਲਈ ਜਾਵੇ।

ਸ੍ਰੀ ਉਮੇਸ਼ ਗਰਗ, ਕੌਂਸਲਰ ਨੇ ਕਿਹਾ ਕਿ ਬਰਾੜ ਬੰਧੂ ਪਾਰਕ ਦੇ ਬਾਹਰ ਕੂੜੇ ਦਾ ਡੰਪ ਪਿਛਲੇ 3-4 ਸਾਲਾਂ ਤੋਂ ਬਣਿਆ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਜਲਦ ਤੋਂ ਜਲਦ ਇਹ ਡੰਪ ਹਟਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਇਸ ਪਾਰਕ ਵਿੱਚ ਪਾਪੂਲਰ ਦੇ ਬਹੁਤ ਪੁਰਾਣੇ ਦਰੱਖਤ ਲੱਗੇ ਹੋਏ ਹਨ। ਉਹਨਾਂ ਇਹਨਾਂ ਦਰੱਖਤਾਂ ਦੀ ਥਾਂ ਤੇ ਨਵੇਂ ਦਰੱਖਤ ਲਗਾਉਣ ਦੀ ਮੰਗ ਕੀਤੀ। ਉਹਨਾਂ ਭੱਟੀ ਰੋਡ ਤੇ ਮੀਂਹ ਦਾ ਪਾਣੀ ਖੜੇ ਹੋਣ ਸਬੰਧੀ ਸਮੱਸਿਆ ਦਾ ਹੱਲ ਕਰਨ ਦੀ ਮੰਗ ਵੀ ਕੀਤੀ।

ਸ਼੍ਰੀ ਸੁਖਰਾਜ ਸਿੰਘ ਔਲਖ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਬਣਾਇਆ ਗਿਆ ਤਖਮੀਨਾ ਮੁਬਲਿਗ 28.60 ਲੱਖ ਰੁਪਏ ਦਾ ਪਾਸ ਕਰਦੇ ਹੋਏ ਕੰਮ ਕਰਵਾਏ ਜਾਣ। ਉਹਨਾਂ ਇਹ ਵੀ ਮੰਗ ਕੀਤੀ ਕਿ ਸਫਾਈ ਕਰਮਚਾਰੀਆਂ ਦੀ ਹੜਤਾਲ ਹੋਣ ਕਾਰਨ ਸ਼ਹਿਰ ਵਿੱਚ ਥਾਂ-ਥਾਂ ਤੇ ਲੱਗ ਚੁੱਕੇ ਕੂੜੇ ਦੇ ਢੇਰਾਂ ਨੂੰ ਜਲਦ ਤੋਂ ਜਲਦ ਜੰਗੀ ਪੱਧਰ ਤੇ ਸਾਫ ਕਰਵਾਇਆ ਜਾਵੇ।

ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ ਨੇ ਕਿਹਾ ਕਿ ਵੇਰਕਾ ਪਾਰਕ ਵਿੱਚ ਲੱਗੇ ਪੁਰਾਣੇ ਝੂਲਿਆਂ ਅਤੇ ਜਿੰਮ ਦੀ ਥਾਂ ਤੇ ਨਵੇਂ ਝੂਲੇ ਅਤੇ ਜਿੰਮ ਲਗਾਇਆ ਜਾਵੇ। ਉਹਨਾਂ ਦਸਿਆ ਕਿ ਵੇਰਕਾ ਪਲਾਂਟ ਵਿੱਚੋਂ ਰੋਜ਼ਾਨਾ ਤਿੰਨ ਵਜੇ ਤੋਂ ਬਾਅਦ ਬਹੁਤ ਹੀ ਜਿਆਦਾ ਗੰਦੀ ਬਦਬੂ ਨਿਕਲਣ ਕਾਰਨ ਉਸ ਜਗ੍ਹਾ ਰਹਿ ਰਹੇ ਵਸਨੀਕਾਂ ਨੂੰ ਬਹੁਤ ਜਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਸਬੰਧੀ ਪੰਜਾਬ ਪੌਲੂਸ਼ਨ ਕੰਟਰੋਲ ਬੋਰਡ ਨਾਲ ਤਾਲਮੇਲ ਕਰਕੇ ਸਮੱਸਿਆ ਦਾ ਹੱਲ ਕੀਤਾ ਜਾਵੇਗਾ। ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ ਨੇ ਕਿਹਾ ਕਿ ਰੋਡ ਜਾਲੀਆਂ ਦੀ ਸਫਾਈ ਲਈ ਨਗਰ ਨਿਗਮ ਵੱਲੋਂ 10-20 ਕਰਮਚਾਰੀ ਪੱਕੇ ਤੋਰ ਤੇ ਰੱਖ ਲਏ ਜਾਣ ਤਾਂ ਜੋ ਕਿਸੇ ਵੀ ਇਲਾਕੇ ਵਿੱਚ ਲੋੜ ਪੈਣ ਤੇ ਸਫਾਈ ਕਰਵਾਈ ਜਾ ਸਕੇ। ਉਹਨਾਂ ਇਹ ਵੀ ਕਿਹਾ ਕਿ ਸੀਵਰੇਜ਼ ਦੀ ਸਫਾਈ ਕਰਨ ਲਈ ਕਰਮਚਾਰੀਆਂ ਪਾਸ ਬਾਂਸ ਨਾ ਹੋਣ ਕਾਰਨ ਵੀ ਕੰਮ ਤੇ ਮਾੜਾ ਅਸਰ ਪੈ ਰਿਹਾ ਹੈ ਅਤੇ ਸਫਾਈ ਨਹੀਂ ਹੋ ਰਹੀ। ਉਹਨਾਂ ਨਵੇਂ ਬਾਂਸ ਦੇਣ ਦੀ ਮੰਗ ਕੀਤੀ। ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਦੇ ਵਿਅਕਤੀਆਂ ਵੱਲੋਂ ਮੱਛੀ ਮੋਟਰਾਂ ਚਲਾ ਕੇ ਰੋਜ਼ਾਨਾ ਆਪਣੇ ਘਰਾਂ ਦਾ ਕੂੜਾ ਸੀਵਰ ਵਿੱਚ ਸੁੱਟਣ ਕਾਰਨ ਸੀਵਰ ਬੰਦ ਹੋ ਜਾਂਦਾ ਹੈ। ਉਹਨਾਂ ਪਾਣੀ ਬਰਬਾਦ ਕਰਨ ਸਬੰਧੀ ਇਹਨਾਂ ਵਿਅਕਤੀਆਂ ਦੇ ਚਲਾਨ ਕੱਟਣ ਦੀ ਮੰਗ ਕੀਤੀ। ਉਹਨਾਂ ਦਸਿਆ ਕਿ ਇਹਨਾਂ ਦੇ ਪਾਣੀ ਡੋਲਣ ਕਾਰਨ ਨਵੀਆਂ ਬਣਾਈਆਂ ਸੜਕਾਂ ਵੀ ਖਰਾਬ ਹੋ ਰਹੀਆਂ ਹਨ। ਉਹਨਾਂ ਇਹ ਵੀ ਦਸਿਆ ਕਿ ਬਲਰਾਜ ਨਗਰ ਵਿਖੇ ਗੰਦੇ ਪਾਣੀ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਸੰਜੇ ਟੋਭੇ ਦੀ ਜਲਦ ਤੋਂ ਜਲਦ ਡੀ-ਸਿਲਟਿੰਗ ਕਰਾਉਣ ਦੀ ਮੰਗ ਕੀਤੀ।

ਸ਼੍ਰੀ ਸ਼ਾਮ ਲਾਲ ਗਰਗ, ਕੌਂਸਲਰ ਨੇ ਹਾਜ਼ੀ ਰਤਨ ਮੇਨ ਰੋਡ ਤੇ ਸਫਾਈ ਕਰਵਾਉਣ ਲਈ ਕਿਹਾ। ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਲਗਾਏ ਗਏ ਸਫਾਈ ਕਰਮਚਾਰੀਆਂ ਦੇ ਕੰਮ ਨਾ ਕਰਨ ਕਾਰਨ ਅਜਿਹਾ ਹੋ ਰਿਹਾ ਹੈ। ਉਹਨਾਂ ਇਹ ਵੀ ਦਸਿਆ ਕਿ ਇਹ ਕਰਮਚਾਰੀ ਸਬੰਧਤ ਸੈਨਟਰੀ ਇੰਸਪੈਕਟਰ ਦਾ ਕਹਿਣਾ ਵੀ ਨਹੀਂ ਮੰਨਦੇ। ਉਹਨਾਂ ਇਹ ਵੀ ਦਸਿਆ ਕਿ ਇੱਕ ਮੁਲਾਜ਼ਮ ਦੇ ਗੈਰ ਹਾਜ਼ਰ ਰਹਿਣ ਦੇ ਬਾਵਜੂਦ ਵੀ ਦਫਤਰ ਵੱਲੋਂ ਉਸਦੀ ਪੂਰੀ ਹਾਜ਼ਰੀ ਲਗਾਈ ਜਾ ਰਹੀ ਹੈ। ਉਹਨਾਂ ਦੀਪ ਸਿੰਘ ਨਗਰ ਵਿਖੇ ਸੀਵਰੇਜ਼ ਦੀ ਡੀ-ਸਿਲਟਿੰਗ ਕਰਾਉਣ ਦੀ ਮੰਗ ਕੀਤੀ।

**ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।**

**ਏਜੰਡਾ ਨੰਬਰ 1:**

ਜਨਰਲ ਹਾਊਸ ਦੀ ਮੀਟਿੰਗ ਮਿਤੀ 23.08.2024 ਦੀ ਕਾਰਵਾਈ ਦੀ ਪਕਿਆਈ।

| | |
|---|---|
| ਮਤਾ ਨੰਬਰ 355 | **ਜਨਰਲ ਹਾਊਸ ਦੀ ਮੀਟਿੰਗ ਮਿਤੀ 23.08.2024 ਦੀ ਕਾਰਵਾਈ ਦੀ ਪਕਿਆਈ ਤੋਂ ਪਹਿਲਾਂ ਪਾਸ ਕੀਤਾ ਜਾਂਦਾ ਹੈ ਕਿ ਮੀਟਿੰਗ ਮਿਤੀ 23.08.2024 ਦੇ ਏਜੰਡਾ ਨੰਬਰ 3, ਮਤਾ ਨੰਬਰ 309 ਰਾਹੀਂ ਲੜੀ ਨੰਬਰ 9 ਤੇ ਦਰਜ਼ "Repair and Renovation of Commissioner Residence A-2 Municipal Colony Bathinda. Rs. 43.45 ਲੱਖ ਰੁਪਏ ਦੇ ਕੰਮ ਵਿੱਚੋਂ ਕੋਠੀ ਲਈ ਲੋੜੀਂਦਾ ਫਰਨੀਚਰ ਲੈਣਾ ਵੀ ਪਾਸ ਕੀਤਾ ਜਾਂਦਾ ਹੈ। ਬਾਕੀ ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |

ਏਜੰਡਾ ਨੰਬਰ 2:

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:

| Sr. No. | Name of Work | Estimate (in lac) |
|---|---|---|
| 1. | Estimate for P/L PC on Main Bhatti Road | 49.90 |
| 2. | P/L PC in Street Gupta Iron Store Near Zila Parishad Bathinda | 2.49 |
| 3. | Estimate for P/L PC in Prajapat colony and Azad Nagar Street No. 4 | 33.30 |
| 4. | P/L PC in Street 1/1 Sarabha Nagar Near Bhatti Road | 4.97 |
| 5. | P/L PC in streets of Municipal Colony Bathinda | 5.00 |
| 6. | Supply of Power Generator (Portable) & other Machinery for Horticulture Branch | 3.25 |
| 7. | Const. of metelled road and 20mm thick PC in Street No. 13,13/1,14 and 16 Multania Road St. No. 4 Patti Jhutti, St. No. 3 Bachan Colny Zone-6 | 29.01 |
| 8. | Const. of metelled road and 20mm thick PC in Adarsh Nagar Street No. 16/4, 16/5, 24, 24 upto 26, 24/3A and 7/1 in Zone-6 | 49.58 |
| 9. | Const. of metelled road and 20mm thick PC in Adarsh Nagar Street No. 11, 16/4, 16/5, 1/6/1, 1/6/2 & 1/6 Main Zone 6 | 49.91 |
| 10. | Const. of metelled road and 20mm thick PC in Street backside Bhagwati Colony, Surkhpir Road, St. No. 32, 36 Zone-6 | 37.45 |
| 11. | P/Laying Patch work in Zone No. 6 Internal Roads | 22.09 |
| 12 | Estimate of supply of labour for the operation of Library at Adarsh Public School, Canal Colony Bathinda for one year | 8.38 |
| 13 | P/L P.C in Guru Teg Bahadur Nagar Street No. 11 to 16 | 49.90 |
| 14 | P/L 60 mm Interlocking Tiles on Kacha berms at Model Town Phase-3 | 47.30 |
| 15 | Reconstruction of wall at Park No. 34, Bhagu Road | 8.10 |
| 16 | General repair of Park in Nirwana Estate | 17.80 |
| 17 | General reapir of Works in Zone No. 1 | 37.00 |
| 18 | General repair of works of Civil Works in Zone no. 2 | 36.00 |
| 19 | P/L Interlocking Tiles in Ajit Road Street No. 11 & Power House Road Street No. 2 | 23.50 |
| 20 | P/Laying PC at Civil Station Pocket No. 1 upto Children Park | 49.90 |
| 21 | P/L PC in Machhi Chowk to Bhagu Road Chowk | 38.80 |
| 22 | P/L PC in Main Road Model Town Ph-1 Bhagu Road Chowk to ITI Flyover | 34.30 |
| 23 | P/L Interlocking Tiles in Bhagu Road Street No. 10 & 14 Bathinda | 27.10 |
| 24 | P/Laying PC at Civil Station Pocket No. 2 B/S Children Park to GT Road | 39.00 |
| 25 | P/L PC in Jujhar Singh Nagar Street No. 4,7,13,14 & 15 | 30.60 |
| 26 | P/L 60mm Interlocking tiles near streets of Kapila Hospital | 7.90 |

| | | |
|---|---|---|
| 27 | Patch work in Zone No. 2 Bathinda City | 32.40 |
| 28 | P/L PC Main Parinda Road & its links | 38.40 |
| 29 | P/L 60mm Interlocking Tiles in Beant Nagar Streets back side Kabir Ashram | 19.40 |
| 30 | P/L 60mm Interlocking Tiles in Street No. 12,14,17 and its links at Ajit Road | 39.10 |
| 31 | P/L Interlocking Tiles in Street No. 6/1, 7, 11/4, 11/5 & 12/6 Power House Road | 49.85 |
| 32 | Rough cost estimate of new manhole on existing branch sewer line in various areas at Zone No. 1 & 2 Bathinda | 10.61 |
| 33 | P/L PC in various streets of Power House Road W.No. 10 | 47.08 |
| 34 | P/L 60mm Interlocking Tiles in Mata Rani Wali Gali & Gaushala Wali Gali Zone No. 1 | 34.90 |
| 35 | P/L PC in Sucha Singh, Natha Singh Streets and its links | 15.00 |
| 36 | P/L PC in various streets of Preet Nagar and Dhobiana Road Ward No. 10 | 37.14 |
| 37 | P/Laying Interlocking Tiles in SSD Sabha Gali & Adjoining Sports Market Street | 18.50 |
| 38 | P/Laying Interlocking Tiles in link of Sirki Bazar and link of Dhobi Bazar | 3.69 |
| 39 | Rough cost estimate for closing of Drain in Ward No. 25 & 26 | 10.60 |
| 40 | General repair of works of civil works in Zone No. 1 | 37.00 |
| 41 | P/L PC in Main Road Awa Basti and its links and Qila Road Gate to Sirki Bazar | 49.90 |
| 42 | P/F New Fountain in Model Town Phase-1 | 9.60 |
| 43 | P/L 60mm Interlocking Tiles in Street No. 26/1 & 26/2 at Ajit Road Ward No. 9 | 15.50 |
| 44 | P/L PC in Main Power House Road (GT Road to Ring Road) | 49.90 |
| 45 | P/L 60mm Interlocking Tiles at Heera Chowk Street No. 3,6, Telian Wala Mohalla & Middu Mal Street | 47.60 |
| 46 | Patch work in Zone No. 1 Bathinda City | 19.60 |
| 47 | Raising of Interlocking Tiles in Kala Sidhu Colony St. no. 4,10,11 & its links | 16.50 |
| 48 | P/L PC in Guru Nanak Pura Mohalla Main Road & Ram Bagh Road Gali No. 2 | 42.90 |
| 49 | Relaying Interlocking Tiles in Street No. 8 Bhagu Road | 10.40 |
| 50 | P/Laying DB Paving in remaining portion of Growth Centre to Jassi Pau Wali Road | 26.90 |
| 51 | Construction of Foothpath at side berms of Badal Road upto Maharaja Ranjit Singh University Main Gate | 42.33 |
| 52 | Const. of Metelled road at Bhai Veer Singh Nagar and Kissan Nagar Ward No. 16 Zone No. 7 | 41.12 |
| 53 | P/Laying Stone Mettel & 20 mm thick PC on Street No. 24/9, 24/12 and link Lal Singh Basti | 29.35 |
| 54 | Strengthening of Street No. 14 Bir Road and Bir Road to Lal Singh Basti | 12.96 |
| 55 | P/L 60mm Interlocking tiles at side berms of Focal Point Dabwali Road | 175.99 |
| 56 | P/L PC in Silver city Main Road and mettled road in Nachhattar Nagar branch Street Ward No. 16 | 14.37 |

| | | |
|---|---|---|
| 57 | Const. of mettled road at Hamir Nagar Wrd No. 16 Zone 7 | 38.91 |
| 58 | Construction of Mettled road at Hameer Nagar, Bhai Veer Singh Nagar and Kisan Nagar near Tulip Garden Zone No. 7 | 39.12 |
| 59 | P/Laying Interlocking Tiles in Street No. 14, 10 and links of Lal Singh Basti Ward No. 40 Zone 7 | 27.90 |
| 60 | Construction of Mettled Road in Romana Nagar Street No. 1 and its branches near under bridge Amarpura Basti | 26.67 |
| 61 | P/Laying Interlocking tiles under ROB near Karnail Singh Nagar Ward 16 | 7.02 |
| 62 | General repair of civil work in Zone 7 | 27.12 |
| 63 | Construction of Mettled road from Jassi Pau Wali to Growth Centre | 51.48 |
| 64 | P/Laying PC in Street No. 21 and branches of Bhai Mati Dass Nagar | 10.94 |
| 65 | P/L Interlock Tiles at Gali No. 8/2 in Balraj Nagar Bathinda Zone 8 | 2.85 |
| 66 | General repair of Zone No. 8 | 34.48 |
| 67 | P/L Patch work in Zone No. 7 | 32.40 |
| 68 | P/L Patch work in Zone No. 8 | 28.60 |
| 69 | Development of boundary wall and lying of I/L Tiles in Verka Milk Plant Colony Park | 22.45 |
| 70 | Constrction of mettled road in Guru Nagar Nagar Street No. 1A/1G, 1A/1H and Main 1A/1F Ward No. 42 | 16.35 |
| 71 | Construction of mettled road in Bir Road Street No. 18,20,21,& DB Paving in Street NO. 5/1 Multania Road Ward No. 42 | 13.00 |
| 72 | P/L Interlocking Tiles in Lal Singh Bsti Street No. 15 Ward No. 17 | 8.81 |
| 73 | P/L Interlocking Tiles in Street No. 1/7 Kirshan Colony Zone No. 7 | 5.85 |
| 74 | P/L Interlocking Tiles in Street No. 6/1 & 6/2 Sanguana Basti Zone No. 7 | 11.65 |
| 75 | P/L Interlocking Tiles in Street No. 10/3 Multania Road Ward No. 42 | 4.05 |
| 76 | P/L Interlocking Tiles in remaining part of Street No. 4 & Amarpura Basti St. No. 5 Ward No. 20 | 48.67 |
| 77 | P/L Interlocking Tiles in Streets of Mehna Basti Ward No. 20 | 10.70 |
| 78 | Construction of mettled road on Dabwali Road to AIIMS Hospital | 31.58 |
| 79 | P/L Interlocking Tiles in Street No. 7,8 & 9 Naruana Road Ward No. 20 | 23.20 |
| 80 | P/L Interlocking Tiles in Street No. 3 Balraj Nagar to Sanjay Nagar Ward No. 18 | 22.18 |
| 81 | Raising of Interlocking Tiles in Street No. 20 Sanjay Nagar & Street near Bhola Palace Ward No. 22 | 6.33 |
| 82 | Construction of DB Paving in Street No. 19/1A & 19/2 Lal Singh Basti Ward No. 40 | 7.60 |
| 83 | Strengthening of Service Road along Flyover opposite Ganpati Colony | 24.64 |
| 84 | Construction of mettled road in Street No. 15/B, 15/C Bhai Mati Dass Nagar Ward No. 14 | 18.79 |
| 85 | P/L PC in Service Road of Gurmukhi Chowk | 37.25 |

| | | |
|---|---|---|
| 86 | P/L PC in Baba Deep Singh Nagar Street No. 1,2,3,4,5, and links Ward no. 24 Zone No. 8 | 46.54 |
| 87 | Construction of mettled road from Patiala Fatak to Dabwali Flyover & P/L PC in Baba Deep Singh Nagar Street No. 6,7,8,9,10 and links Ward No. 24 Zone No. 8 | 49.50 |
| 88 | Estimate for Disposal of Storm watrer from Mansa Road under Bridge to existing Sewer | 46.14 |
| 89 | Construction of 2 Sports Arena under Flyover Dabwali Road Bathinda | 18.11 |
| 90 | P/Laying DB Paving at Mai Bhagu Nagar behind Sheesh Mahal Colony Ward No. 16 | 4.09 |
| 91 | P/L PC in streets of Municipal Colony Bathinda | 5.00 |
| 92 | Supply of staff forAuditorium for one year | 26.52 |
| 93 | P/L DB Paving in Streets back side Guru Nanak Nagar Zone 6 | 16.49 |
| 94 | Const. of mettled road and 20mm thick PC in Shakti Vihar Street No. 6/2 Zone 5 | 4.90 |
| 95 | S/Laying 60mm thick Interlocking Tiles Street No. 6 Shakti Vihar Zone No. 5 | 13.86 |
| 96 | S/Laying 60mm thick Interlocking Tiles for raising Street No. 4 & 5 Partap Nagar Zone No. 6 | 23.41 |
| 97 | P/Laying DB Paving in Street No. 1,2,3 Gill Patti Sivian Road Zone No. 6 | 24.45 |
| 98 | P/Laying 60mm thick Interlocking Tiles Street backside Nirankari Bhawan Malout Road Zone No. 6 | 11.11 |
| 99 | Providing Water supply arrangements at Ram Bagh Janta Nagar | 2.52 |
| 100 | P/Laying 20mm thick PC from Janta Nagar Phatak upto Ring Road | 42.06 |
| 101 | Construction of Bus Queue Shelter at Malout Road in Zone No. 6 | 9.16 |
| 102 | S/Laying 60mm thick Interlocking Tiles on berms Street Kothe Gurdyal Singh Joga Nand Road Zone 6 | 14.36 |
| 103 | S/Laying Interlocking Tiles street No. 4 Bachan Colony Zone No. 6 | 9.66 |
| 104 | Const of mettled road and 20mm thick PC in streets Kings Plaza Hotel Kartar Colony Zone 5 | 11.25 |
| 105 | Const of mettled road and 20mm thick PC in Street No. 10 & 11 Joga Nand Road Zone 5 | 7.04 |
| 106 | S/Laying 60mm thick Interlocking Tiles Street No. 4 Adarsh Nagar Zone No. 6 | 2.04 |
| 107 | P/Laying DB Paving in Street No. 1 Sivian Road Zone No. 6 | 5.47 |
| 108 | S/Laying 60mm thick Interlocking Tiles & Laying Sewer in St. No. 2/4 Bagh Wali Gali Arjun Nagar Zone No. 6 | 24.42 |
| 109 | P/Laying 20mm thick PC in Street No. 1 to 5 Guru Nanak Nagar Zone 6 | 12.55 |
| 110 | P/Laying DB Paving in Street No. 7G Adarsh Nagar Zone No. 6 | 3.24 |
| 111 | General repair of works of civil works in Zone No. 5 | 22.81 |
| 112 | P/L 20mm thick PC on street Green City Phase 3 (Part 1) Zone No. 5 | 30.43 |
| 113 | Const. of mettled road and 20mm thick PC in street outside with Green City Colony Zone 5 | 20.21 |

| | | |
|---|---|---|
| 114 | P/L 20mm thick PC on Street Green City Phase 3 (Part 2) Zone No. 5 | 49.59 |
| 115 | Const. of mettled road and 20mm thick PC in Street Dhaliwal Colony near Green city Ward No. 6 Zone 5 | 4.27 |
| 116 | Repair and renovation of various quarters of Municipal Colony Bathinda. | 33.50 |
| 117 | Const. of mettled road and 20mm thick PC in Street vishwas Nagar Ward No. 1 Zone No. 5 | 19.36 |
| 118 | Const. of mettled road and 20mm thick PC in Street No. 13/5 F Gobind Singh Naagar Zone No. 5 | 2.72 |
| 119 | P/Laying DB Paving for Raising on Street 12, National Colony Ward No. 4 Zone No. 5 | 1.91 |
| 120 | S/Laying 60mm thick Interlocking Tiles on Street back side Antique Palace in Guru Gobind Singh Nagar Zone No. 5 | 5.79 |
| 121 | S/Laying 60mm thick Interlocking Tiles on Street near Gagan Society Park in Guru Gobind Singh Nagar Zone No. 5 | 2.64 |
| 122 | P/Laying 20mm thick PC in Homeland Colony Ward No. 1 Zone no. 5 | 49.50 |
| 123 | Const. of mettled road and 20mm thick PC in Street No. 12 & branches of Adarsh Nagar Ward No. 1 Zone no. 5 | 42.10 |
| 124 | S/Laying 60mm thick Interlocking Tiles on Street No. 12/8/1 Paras Ram Nagar Zone No. 6 | 3.92 |
| 125 | S/Laying 60mm thick Interlocking Tiles on Street with Parveen Enterprises, Main Paras Ram Nagar, Zone No. 6 | 3.32 |
| 126 | General repair of works of civil works in Zone No. 6 | 26.80 |
| 127 | S/Laying 60mm thick I/L tiles in Street No. 3, 10/2, 12/2 Paras Ram Nagar Zone No. 6 | 24.39 |
| 128 | Const. of mettled road and 20 mm thick PC in Street No. 33, Surkhpir Road Street Kalra Patarkar Zone 6 | 5.68 |
| 129 | P/L 20mm thick PC in Street No. 1 Adarsh Nagar Zone 6 | 7.07 |
| 130 | Const. of mettled road and 20mm thick PC in Street Godara Colony Ward No. 50 Zone 6 | 10.66 |
| 131 | P/L 20mm thick PC in street No. 3 Arjun Nagar Zone 6 | 16.65 |
| 132 | P/L 20mm thick PC in Street Janta Nagar Main Road along Canal Zone 6 | 12.04 |
| 133 | P/L 20mm thick PC in Street No. 1 PArtap Nagar along Railway side Zone 6 | 5.41 |
| 134 | P/L Patch work in Zone no. 6 Main Roads | 36.36 |
| 135 | P/L Patch work in Zone No. 6 Internal Roads | 22.09 |
| 136 | P/L Patch work in Adarsh Nagar Streets of Zone No. 6 | 17.88 |
| 137 | Rough cost estimate for patch work of Zone No. 5 | 25.40 |
| 138 | Supply and installation of 40 KVA DG Set for Under bridge Mansa Road Disposal | 11.18 |
| 139 | Supply and installation of 58.5 KVA DG Set for Hazura Kapura Disposal | 12.67 |
| 140 | Relaying Interlocking Tiles in Street No. 1 & 3 of Arya Nagar | 29.90 |

| | | |
|---|---|---|
| 141 | Relaying Interlocking Tiles in Dr. Vandana Hospital Street and Dr. Wadi Street | 22.30 |
| 142 | Genereal repair of various parks in Zone No. 3 | 34.97 |
| 143 | P/L Interlocking Tiles in Backside Dr. Nagpal Hospital Birla Mill Area | 20.55 |
| 144 | P/L Pc in various streets of Birla Mill Colony & Malviya Nagar | 29.45 |
| 145 | Relaying Interlocking tiles in Street No. 3 from Intersection 4C Street to Kolkatta Street in Zone No. 3 | 9.20 |
| 146 | Rough cost estimate for P/L PC on Ganesh Nagar Main Road and Street No. 5,6,7,8,9,11 | 45.52 |
| 147 | Rough cost estimate for P/L PC in Pukhraj Colony and Minocha Colony | 48.00 |
| 148 | Rough cost estimate for P/L PC in Main Aggarwal colony street | 10.23 |
| 149 | P/L PC in various streets of Harpal Nagar & Shiv Colony | 34.35 |
| 150 | P/L PC in various streets of North Estate Ward No. 6 | 18.22 |
| 151 | P/L PC in various streets of Sarabha Nagar Ward No. 31 Zone No. 4 | 17.38 |
| 152 | Construction of Toilet in Madhuban Street near Amrik Singh Road Bathinda | 15.21 |
| 153 | Patch work in Zone No. 3 | 22.40 |
| 154 | P/Laying Interlocking Tiles at Chandsar Basti Gali MCB Z4 02373 | 6.64 |
| 155 | Rough cost estimate for P/L PC on Main Bhatti Road | 49.90 |
| 156 | P/L PC on 80ft Road Bibi Wala Road to Bhatti Road backside Multipurpose Sports Stadium | 38.89 |
| 157 | Rough Cost estimate for P/L PC in Prajapat Colony and Azad Nagar Street No. 4 | 33.30 |
| 158 | Providing and laying PC in streets 1/1 Sarabha Nagar near Bhatti Road W-31 | 4.91 |
| 159 | P/L PC in Street Gupta Iron Store near Zila Parishad Bathinda | 2.50 |
| 160 | Patch work in Zone No. 4 | 27.60 |
| 161 | P/L Interlocking Tiles on berms of Main Prajapat Road | 22.10 |
| 162 | P/L 60mm Interlocking Tiles on berms Model Town Ph-1 W.No. 14 | 20.75 |
| 163 | Construction of Divider at Guru Teg Bahadur Nagar 100' Road | 35.60 |
| 164 | P/L Stone Mettle & 20mm thick PC on Street No. 24/2, 24/2A and link Lal Singh Basti | 25.46 |
| 165 | P/L PC in Bir Road Street No. 8 Zone 7 Ward No. 42 | 17.95 |
| 166 | Const. of mettled road and 20mm thick PC in Adarsh Nagar St. No. 37/5/2 Paras Ram Nagar in Zone No. 6 | 6.74 |

ਕੇਸ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| ਮਤਾ ਨੰਬਰ 356 | ਲੜੀ ਨੰਬਰ 1 ਅਤੇ 155, 17 ਅਤੇ 40, 5 ਅਤੇ 91 ਤੇ ਕੰਮਾਂ ਦੇ ਇੱਕੋ ਹੋਣ ਕਾਰਨ ਲੜੀ ਨੰਬਰ 155, 40 ਅਤੇ 91 ਤੇ ਦਰਜ਼ ਕੰਮਾਂ ਨੂੰ ਰੱਦ ਕੀਤਾ ਜਾਂਦਾ ਹੈ। ਇਸਤੋਂ ਇਲਾਵਾ ਲੜੀ ਨੰਬਰ 55 ਅਤੇ 64 ਤੇ ਦਰਜ਼ ਕੰਮਾਂ ਨੂੰ ਰੱਦ ਕੀਤਾ ਜਾਂਦਾ ਹੈ। ਬਾਕੀ ਦੇ ਸਾਰੇ ਕੰਮ ਪ੍ਰਵਾਨ ਹਨ। |

ਏਜੰਡਾ ਨੰਬਰ 3 :

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰ. ਵ/ਸ ਅਤੇ ਸੀਵਰੇਜ਼ ਮੰਡਲ ਨੰ: 1 ਬਠਿੰਡਾ ਦੇ ਪੱਤਰ ਨੰਬਰ 5007 ਮਿਤੀ 06.12.2023 ਰਾਹੀਂ 4.5 MLD ਤੋਂ ਚੰਦਭਾਨ ਡਰੇਨ ਤੱਕ ਬਾਕੀ ਰਹਿੰਦੀ ਰਾਇਜ਼ੰਗ ਮੇਨ ਲਗਾਉਣ ਲਈ 1.99 ਕਰੋੜ੍ਹ ਰੁਪਏ ਦਾ ਤਖਮੀਨਾ ਭੇਜਿਆ ਗਿਆ ਸੀ, ਜੋ ਕਿ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਾਸਲ ਕਰਨ ਲਈ ਮੀਟਿੰਗ ਮਿਤੀ 23.08.2024 ਵਿੱਚ ਏਜੰਡਾ ਲੜੀ ਨੰਬਰ 22 ਰਾਹੀਂ ਵਿਚਾਰ ਹਿੱਤ ਭੇਜਿਆ ਗਿਆ ਸੀ। ਹੁਣ ਕਾਰਜਕਾਰੀ ਇੰਜੀਨੀਅਰ ਪੰ: ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1 ਬਠਿੰਡਾ ਵੱਲੋਂ ਉਹਨਾਂ ਦੇ ਪੱਤਰ ਨੰਬਰ 4235 ਮਿਤੀ 20.08.2024 ਰਾਹੀਂ ਇਸ ਕੰਮ ਦਾ ਰਿਵਾਇਜ਼ ਤਖਮੀਨਾ ਮੁਬਲਿਗ 202.40 ਲੱਖ ਰੁਪਏ ਦਾ ਭੇਜਿਆ ਗਿਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਮਾਨਯੋਗ ਹਾਊਸ ਤੋਂ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਹਿੱਤ ਪੇਸ਼ ਹੈ ਜੀ।

**ਸ਼੍ਰੀ ਬਲਜੀਤ ਸਿੰਘ ਸਰਾਂ, ਕੋਂਸਲਰ ਸਾਹਿਬਾਨ ਨੇ ਪੁੱਛਿਆ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਹੁਣ ਜੋ 202.40 ਲੱਖ ਰੁਪਏ ਦਾ ਰਿਵਾਇਜ਼ ਤਖਮੀਨਾ ਪਾਸ ਕਰਵਾਉਣ ਲਈ ਭੇਜਿਆ ਗਿਆ ਹੈ, ਕੀ ਇਸ ਸਬੰਧੀ ਪਹਿਲਾਂ ਪਾਸ ਹੋਏ ਤਖਮੀਨੇ ਵਿਰੁੱਧ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਕੰਮ ਮੁਕੰਮਲ ਹੋਣ ਉਪਰੰਤ ਤਖਮੀਨਾ ਰਿਵਾਇਜ਼ ਕਰਨ ਦੀ ਜਰੂਰਤ ਹੋ ਰਹੀ ਹੈ। ਜਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਕੰਮ ਕਰਨ ਵਿੱਚ ਦੇਰੀ ਹੋਣ ਕਾਰਨ ਜਾਂ ਰੇਟ ਵੱਧਣ ਕਾਰਨ ਰਿਵਾਇਜ਼ ਤਖਮੀਨਾ ਪੇਸ਼ ਕੀਤਾ ਗਿਆ ਹੈ? ਇਸ ਸਬੰਧੀ ਕੋਈ ਜਵਾਬ ਨਾ ਮਿਲਣ ਤੇ ਉਹਨਾਂ ਕਿਹਾ ਕਿ ਪਹਿਲਾਂ ਪਾਸ ਹੋਏ 1.99 ਕਰੋੜ੍ਹ ਰੁਪਏ ਦਾ ਕੰਮ ਸੀਵਰੇਜ਼ ਬੋਰਡ ਪਾਸੋਂ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ। ਜੇਕਰ ਬਾਅਦ ਵਿੱਚ ਫੰਡਜ਼ ਘੱਟਣ ਕਾਰਨ ਰਿਵਾਇਜ਼ ਤਖਮੀਨੇ ਦੀ ਲੋੜ੍ਹ ਪੈਂਦੀ ਹੈ ਤਾਂ ਰਿਵਾਇਜ਼ ਤਖਮੀਨਾ ਪਾਸ ਕਰਨ ਲਈ ਪੇਸ਼ ਕੀਤਾ ਜਾਵੇ।**

| | |
|---|---|
| **ਮਤਾ ਨੰਬਰ 357** | **ਪਾਸ ਕੀਤਾ ਜਾਂਦਾ ਹੈ ਕਿ ਨਿਗਮ ਵੱਲੋਂ ਪਹਿਲਾਂ ਪਾਸ ਕੀਤੇ ਗਏ 1.99 ਕਰੋੜ੍ਹ ਰੁਪਏ ਦੇ ਤਖਮੀਨੇ ਵਿਰੁੱਧ ਜਲਦ ਤੋਂ ਜਲਦ ਕੰਮ ਮੁਕੰਮਲ ਕੀਤਾ ਜਾਵੇ। ਜੇਕਰ ਬਾਅਦ ਵਿੱਚ ਫੰਡਜ਼ ਘੱਟਣ ਕਾਰਨ ਰਿਵਾਇਜ਼ ਤਖਮੀਨੇ ਦੀ ਲੋੜ੍ਹ ਪੈਂਦੀ ਹੈ ਤਾਂ ਇਹ ਤਖਮੀਨਾ ਉਸ ਸਮੇਂ ਹਾਊਸ ਵਿੱਚ ਪਾਸ ਕਰਨ ਲਈ ਪੇਸ਼ ਕੀਤਾ ਜਾਵੇ।** |

ਏਜੰਡਾ ਨੰਬਰ 4 :

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰ. ਵ/ਸ ਅਤੇ ਸੀਵਰੇਜ਼ ਮੰਡਲ ਨੰ: 1 ਬਠਿੰਡਾ ਦੇ ਪੱਤਰ ਨੰਬਰ 5243 ਮਿਤੀ 22.08.2024 ਰਾਹੀਂ Estimate for Rehabilitation of Providing & Laying 150mm i/d DI K-7 Pipe in various areas at Bathinda ਸਬੰਧੀ ਕੰਮ ਦਾ ਤਖਮੀਨਾ ਮੁਬਲਿਗ 199.17 ਲੱਖ ਰੁਪਏ ਦਾ ਪ੍ਰਾਪਤ ਹੋਇਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਮਾਨਯੋਗ ਹਾਊਸ ਤੋਂ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 358** | **ਪ੍ਰਵਾਨ ਹੈ।** |

ਏਜੰਡਾ ਨੰਬਰ 5 :

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਵਿਖੇ ਵਰਕਸ ਸ਼ਾਖਾ ਦੇ 08 ਜੂਨੀਅਰ ਇੰਜੀਨੀਅਰ ਅਤੇ ਓ.ਐਂਡ ਐਮ. ਸ਼ਾਖਾ ਵਿਖੇ 01 ਜੂਨੀਅਰ ਇੰਜੀਨੀਅਰ ਦੀਆਂ ਪ੍ਰਵਾਨਤ ਪੋਸਟਾਂ ਹਨ। ਪਰੰਤੂ ਮੌਜੂਦਾ ਘੜੀ ਨਿਗਮ ਵਿਖੇ ਕੇਵਲ 02 ਜੂਨੀਅਰ ਇੰਜੀਨੀਅਰ ਅਤੇ 02 ਹੋਰ ਡਰਾਫਟਸਮੈਨ ਨੂੰ ਜੂਨੀਅਰ ਇੰਜੀਨੀਅਰ ਦਾ ਚਾਰਜ਼ ਦਿੱਤਾ ਹੋਇਆ ਹੈ। ਜਿਸ ਕਾਰਨ ਫੀਲਡ ਦੇ ਕੰਮ ਕਰਵਾਉਣ ਵਿੱਚ ਕਈ ਦਿਕੱਤਾਂ ਆ ਰਹੀਆਂ ਹਨ। ਇਸ ਲਈ ਯੋਗ ਹੋਵੇਗਾ ਕਿ ਸ਼ਾਖਾ ਵਿਖੇ 04 ਵਰਕ ਸੁਪਰਵਾਈਜ਼ਰ-ਕਮ-ਹੈਲਪਰ ਦੀ ਭਰਤੀ ਕੀਤੀ ਜਾਵੇ ਤਾਂ ਜੋ ਵਿਕਾਸ ਦੇ ਕੰਮਾਂ ਦੀ ਗੁਣਵੱਤਾ ਨੂੰ ਬਰਕਰਾਰ ਰੱਖਿਆ ਜਾ ਸਕੇ ਅਤੇ ਆਮ ਪਬਲਿਕ ਨੂੰ ਵੀ ਬਿਹਤਰ ਸੇਵਾਵਾਂ ਮੁੱਹਈਆ ਕਰਵਾਈਆਂ ਜਾ ਸਕਣ। ਇਸ ਲਈ 04 ਵਰਕ ਸੁਪਰਵਾਈਜ਼ਰ-ਕਮ-ਹੈਲਪਰ ਦੀ ਸਪਲਾਈ ਇੱਕ ਸਾਲ ਲਈ ਲੈਣ ਤੇ 7.34 ਲੱਖ ਰੁਪਏ ਖਰਚਾ ਆਵੇਗਾ। ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 359** | **ਪ੍ਰਵਾਨ ਹੈ।** |

ਏਜੰਡਾ ਨੰਬਰ 6 :

ਰਿਪੋਰਟ ਬਿਲਡਿੰਗ ਸ਼ਾਖਾ ਕਿ ਨਿਊ ਕਲਾਥ ਮਾਰਕੀਟ ਐਸੋਸੀਏਸ਼ਨ ਵੱਲੋਂ ਮਾਤਾ ਰਾਣੀ ਗਲੀ, ਜੈਨ ਸਭਾ ਗਲੀ, ਬੈਕ ਸਾਈਡ ਬਾਹੀਆ ਫੋਰਟ ਵਾਲੀ ਗਲੀ ਨੂੰ ਕਮਰਸ਼ੀਅਲ ਮੰਤਵ ਲਈ ਕਾਰੋਬਾਰੀ ਘੋਸ਼ਿਤ ਕਰਨ ਸਬੰਧੀ ਦਰਖਾਸਤ ਦਿੱਤੀ ਹੈ। ਪ੍ਰਾਪਤ ਹੋਈ ਦਰਖਾਸਤ ਦਾ ਮੌਕਾ ਵੇਖਿਆ ਗਿਆ। ਮੌਕੇ ਤੇ ਮਾਤਾ ਰਾਣੀ ਗਲੀ ਜੋ ਕਿ ਨਿਊ ਕਲਾਥ ਮਾਰਕੀਟ ਤੋਂ ਮਹਿਣਾ ਚੌਂਕ ਨੂੰ ਮਿਲਦੀ ਹੈ, ਦੇ ਵਿੱਚ ਬਹੁਤ ਸਾਰੀਆਂ ਬਹੁਤ ਸਾਰੀਆਂ ਕਮਰਸ਼ੀਅਲ ਦੁਕਾਨਾਂ ਬਣੀਆਂ ਹੋਈਆਂ ਹਨ। ਇਹ ਗਲੀ ਮੌਕੇ ਤੇ 90% ਕਾਰੋਬਾਰੀ ਹੋ ਚੁੱਕੀ ਹੈ। ਪਰੰਤੂ ਇਸ ਗਲੀ ਦੇ ਵਿੱਚ ਰਿਹਾਇਸ਼ੀ ਉਸਾਰੀ ਦਾ ਹੀ ਨਕਸ਼ਾ ਪ੍ਰਵਾਨ ਕੀਤਾ ਜਾ ਸਕਦਾ ਹੈ। ਸੋ ਉਕਤ ਗਲੀ ਦੇ ਵਿੱਚ ਜਿਆਦਾਤਰ ਕਾਰੋਬਾਰੀ ਉਸਾਰੀਆਂ ਹੀ ਹਨ। ਮਾਤਾ ਰਾਣੀ ਗਲੀ, ਜ਼ੋਨ ਨੰਬਰ 1 ਵਿੱਚ ਕੋਰ ਸਿਟੀ ਏਰੀਆ ਵਿੱਚ ਪੈਂਦੀ ਹੈ। ਇਸੇ ਤਰ੍ਹਾਂ ਹੀ ਜੈਨ ਸਭਾ ਵਾਲੀ ਮੇਨ ਗਲੀ ਵਿੱਚ ਜਿਆਦਾਤਰ ਕਮਰਸ਼ੀਅਲ ਦੁਕਾਨਾਂ ਹੀ ਬਣੀਆਂ ਹਨ ਅਤੇ ਜੋ ਬਾਹੀਆ ਫੋਰਟ ਵਾਲੀ ਗਲੀ ਹੈ, ਉਸ ਵਿੱਚ ਵੀ ਕਾਰੋਬਾਰੀ ਦੁਕਾਨਾਂ ਹੀ ਹਨ।

ਉਪਰੋਕਤ ਅਨੁਸਾਰ ਦੱਸਿਆ ਜਾਂਦਾ ਹੈ ਕਿ ਇਹ ਗਲੀਆਂ ਕੋਰ ਸਿਟੀ ਏਰੀਆ ਵਿੱਚ ਪੈਂਦੀਆਂ ਹਨ। ਇਹਨਾਂ ਗਲੀਆਂ ਦੇ ਵਿੱਚ ਜਿਆਦਾਤਰ ਕਮਰਸ਼ੀਅਲ ਦੁਕਾਨਾਂ ਹੀ ਬਣੀਆਂ ਹਨ। ਇਹਨਾਂ ਗਲੀਆਂ ਦੇ ਵਿੱਚ ਕਮਰਸ਼ੀਅਲ ਉਸਾਰੀਆ ਦੀ ਪ੍ਰਵਾਨਗੀ ਜਾਰੀ ਕਰਨ ਲਈ ਜੋ ਪੁਰਾਣੀਆਂ ਬਣੀਆਂ ਦੁਕਾਨਾਂ ਹਨ, ਦੇ ਸੀ.ਐਲ.ਯੂ. ਅਤੇ ਜੁਰਮਾਨਾ/ ਰਾਜੀਨਾਮਾ ਫੀਸਾਂ ਦੀ ਵਸੂਲੀ ਕੀਤੀ ਜਾ ਸਕਦੀ ਹੈ। ਜਿਸ ਨਾਲ ਨਗਰ ਨਿਗਮ ਦਫਤਰ ਦੇ ਰੈਵਨਿਊ ਵਿੱਚ ਵਾਧਾ ਹੋਵੇਗਾ। ਉਕਤ ਗਲੀ ਮਾਤਾ ਰਾਣੀ ਗਲੀ, ਜੈਨ ਸਭਾ ਵਾਲੀ ਅਤੇ ਬੈਕ ਸਾਈਡ ਬਾਹੀਆ ਫੋਰਟ ਵਾਲੀਆਂ ਗਲੀਆਂ ਨੂੰ ਕਮਰਸ਼ੀਅਲ ਘੋਸ਼ਿਤ ਕਰਨ ਸਬੰਧੀ ਹਾਊਸ ਦੀ ਪ੍ਰਵਾਨਗੀ ਲੈਣ ਹੋਵੇਗੀ।

ਉਕਤ ਸਬੰਧੀ ਮਿਉਂਸਪਲ ਟਾਊਨ ਪਲੈਨਰ ਨੇ ਰਿਪੋਰਟ ਕੀਤੀ ਹੈ ਕਿ ਇਸ ਮੁੱਦੇ ਤੇ ਕੇਵਲ ਜਨਰਲ ਹਾਊਸ ਹੀ ਵਿਚਾਰ ਕਰ ਸਕਦਾ ਹੈ। ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ ਅਨੁਸਾਰ ਸ਼ਹਿਰ ਦਾ ਕਾਰੋਬਾਰੀ ਕੋਰ ਏਰੀਆ ਵੱਧਣ/ ਜਾਂ ਵਧਾਉਣ ਦਾ ਫੈਸਲਾ ਜਨਰਲ ਹਾਊਸ ਵਿੱਚ ਰੱਖਿਆ ਜਾਣਾ ਹੈ ਜੀ। ਸਹਾਇਕ ਨਗਰ ਯੋਜਨਾਕਾਰ ਅਤੇ ਨਿਰੀਖਕ ਨੂੰ ਫੀਲਡ ਵਿੱਚ ਆ ਰਹੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖ ਕੇ ਆਪਣੀ ਰਿਪੋਰਟ ਪੇਸ਼ ਕੀਤੀ ਹੈ। ਤਕਨੀਕੀ ਤੌਰ ਤੇ ਮਿਉਂਸਪਲ ਟਾਊਨ ਪਲੈਨਰ ਵੱਲੋਂ ਵੀ ਸਹਿਮਤੀ ਪ੍ਰਗਟ ਕੀਤੀ ਗਈ ਹੈ। ਇਸ ਲਈ ਪ੍ਰਸ਼ਾਸਕੀ ਪ੍ਰਵਾਨਗੀ ਲੈਣ ਲਈ ਕੇਸ ਪੇਸ਼ ਹੈ ਜੀ।

**ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਦੇ ਗਲੀਆਂ ਦੀ ਚੌੜ੍ਹਾਈ ਸਬੰਧੀ ਪੁੱਛਣ ਤੇ ਮਿਉਂਸਪਲ ਟਾਊਨ ਪਲੈਨਰ ਨੇ ਦਸਿਆ ਕਿ ਸ਼ਹਿਰ ਦੇ ਕੋਰ ਏਰੀਏ ਵਿੱਚ ਰਿਹਾਇਸ਼ੀ ਤੋਂ ਕਮਰਸ਼ੀਅਲ ਏਰੀਆ ਘੋਸ਼ਿਤ ਕਰਨ ਲਈ 10-12 ਫੁੱਟ ਚੌੜੀ ਗਲੀ ਵੀ ਲਈ ਜਾ ਸਕਦੀ ਹੈ।**

| | |
|---|---|
| **ਮਤਾ ਨੰਬਰ 360** | **ਪ੍ਰਵਾਨ ਹੈ।** |

ਏਜੰਡਾ ਨੰਬਰ 7 :

ਰਿਪੋਰਟ ਵਰਕਸ ਸ਼ਾਖਾ ਕਿ ਡਿਪਟੀ ਕਮਿਸ਼ਨਰ ਬਠਿੰਡਾ ਜੀ ਵੱਲੋਂ ਮੀਟਿੰਗ ਲੈਂਦੇ ਹੋਏ ਹਦਾਇਤ ਕੀਤੀ ਗਈ ਸੀ ਕਿ ਬਠਿੰਡਾ ਵਿਖੇ ਜੋ ਆਲ ਵੈਧਰ ਸਵੀਮਿੰਗ ਪੁੱਲ ਬਣਾਇਆ ਜਾਣਾ ਹੈ, ਉਸਦੀ ਲੋਕੇਸ਼ਨ ਰੋਜ਼ ਗਾਰਡਨ ਕੰਪਲੈਕਸ ਵਿੱਚ ਹੀ ਰੱਖੀ ਜਾਵੇ ਤਾਂ ਜੋ ਸਾਰਿਆਂ ਰੀਕਰੇਸ਼ਨਲ ਸੁਵਿਧਾਵਾਂ ਇੱਕੋ ਕੰਪਲੈਕਸ ਇੱਕਠੀਆਂ ਹੋਣ ਅਤੇ ਸ਼ਹਿਰ ਵਾਸੀਆਂ ਨੂੰ ਇਹਨਾਂ ਦੀ ਵਰਤੋਂ ਸੁਖਾਲੀ ਹੋ ਸਕੇ। ਉਕਤ ਦੇ ਆਧਾਰ ਤੇ ਇਹ ਤਜਵੀਜ ਕੀਤਾ ਜਾਂਦਾ ਹੈ ਕਿ ਰੋਜ਼ ਗਾਰਡਨ ਕੰਪਲੈਕਸ ਵਿੱਚ ਜੋ ਬੂਟੈਨੀਕਲ ਗਾਰਡਨ ਤਜਵੀਜਤ ਹੈ ਅਤੇ ਹੁਣੇ-ਹੁਣੇ ਉਸਦੀ ਚਾਰ ਦੀਵਾਰੀ ਦੀ ਉਸਾਰੀ ਸ਼ੁਰੂ ਕੀਤੀ ਗਈ ਹੈ, ਵਿੱਚੋਂ ਸਵੀਮਿੰਗ ਪੁੱਲ ਲਈ ਲੋੜੀਂਦੀ ਜਗ੍ਹਾ ਰਾਖਵੀਂ ਕਰ ਦਿੱਤੀ ਜਾਣੀ ਚਾਹੀਦੀ ਹੈ। ਬੂਟੈਨੀਕਲ ਗਾਰਡਨ ਦੇ ਤਜਵੀਜਤ ਨਕਸ਼ੇ ਉੱਤੇ ਇਹ ਜਗ੍ਹਾ ਮਾਰਕ ਏ.ਬੀ.ਸੀ.ਡੀ ਦਿਖਾ ਦਿੱਤੀ ਗਈ ਹੈ। ਸਵੀਮਿੰਗ ਪੁੱਲ ਦੀ ਪਲੈਨਿੰਗ ਕਰਨ ਸਮੇਂ ਕੰਸਲਟੈਂਟ ਵੱਲੋਂ ਲੋੜ੍ਹ ਅਨੁਸਾਰ ਇਸ ਪੋਕਟ ਵੱਲੋਂ ਜਿੰਨੀ ਜਗ੍ਹਾ ਵਰਤ ਲਈ ਜਾਵੇਗੀ, ਉਸਨੂੰ ਛੱਡ ਕੇ ਬੂਟੈਨੀਕਲ ਗਾਰਡਨ ਦੀ ਪਲੈਨਿੰਗ ਵਿੱਚ ਲੋੜੀਂਦੀ ਤਬਦੀਲੀ ਕਰ ਲਈ ਜਾਵੇਗੀ। ਇਸ ਨਾਲ ਇਸ ਗਾਰਡਨ ਦੀ ਪਹਿਲਾਂ ਤੋਂ ਹੋਈ ਪਲੈਨਿੰਗ ਤੇ ਕੋਈ ਬਹੁਤ ਜਿਆਦਾ ਅਸਰ ਨਹੀਂ ਪਵੇਗਾ।

ਉਕਤ ਸਬੰਧੀ ਨਿਗਰਾਨ ਇੰਜੀਨੀਅਰ ਦੇ ਇਹ ਪੁੱਛਣ ਤੇ ਕਿ "What is the proposed area?" ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਕਿ "I have marked ABCD chunk one acre. This to be used for Swimming Pool shall be calculated after the final planning by the Consultant".

ਉਕਤ ਦੇ ਮੱਦੇ ਨਜ਼ਰ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਲਿਖਿਆ ਕਿ "OK, in anticipation of approval in the House ex post facto".

ਉਕਤ ਸਬੰਧੀ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ ਵੱਲੋਂ ਮਿਤੀ 22.10.2024 ਨੂੰ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ।

ਕੇਸ ਹਾਊਸ ਦੀ ਜਾਣਕਾਰੀ ਹਿੱਤ।

| | |
|---|---|
| **ਮਤਾ ਨੰਬਰ 361** | **ਪ੍ਰਵਾਨ ਹੈ।** |

ਏਜੰਡਾ ਨੰਬਰ 8 :

ਦਫਤਰੀ ਰਿਪੋਰਟ ਕਿ ਠੇਕੇ ਦੇ ਆਧਾਰ ਤੇ 322 ਸਫਾਈ ਸੇਵਕਾਂ ਦੀ ਭਰਤੀ ਸਬੰਧੀ ਪ੍ਰਕ੍ਰਿਆ ਜੋ ਕਿ 2021 ਵਿੱਚ ਆਰੰਭੀ ਗਈ ਸੀ, ਅਜੇ ਪੂਰੀ ਨਹੀਂ ਹੋਈ ਸੀ। ਨਗਰ ਨਿਗਮ ਬਠਿੰਡਾ ਵਿਖੇ ਹੇਠ ਲਿਖੇ ਅਨੁਸਾਰ ਆਊਟਸੋਰਸ ਤੇ ਕੁੱਲ 597 ਸਫਾਈ ਵਰਕਰ/ਸੀਵਰਮੈਨ ਕੰਮ ਕਰ ਰਹੇ ਹਨ:

| | | | |
|---|---|---|---|
| 1. | ਡੋਰ ਟੂ ਡੋਰ ਗਾਰਬੇਜ਼ ਕੂਲੈਕਸ਼ਨ ਖਾਤਰ | : | 328 |
| 2. | ਸਵੀਪਿੰਗ ਮਸ਼ੀਨਾਂ ਤੇ ਤੈਨਾਤ | : | 14 |
| 3. | ਮੁੱਖ ਸੜ੍ਹਕਾਂ ਦੀ ਸਫਾਈ ਲਈ | : | 45 |
| 4. | ਕੰਪੋਸਟ ਕੂਲੈਕਸ਼ਨ | : | 17 |
| 5. | ਵਾਰਡਾਂ ਵਿੱਚ | : | 100 |
| 6. | ਪਾਰਕਾਂ ਵਿੱਚ ਸਫਾਈ ਖਾਤਰ | : | 26 |
| 7. | ਸੀਵਰਮੈਨ | : | 67 |
| | ਕੁੱਲ | : | **597** |

ਉਕਤ ਸਬੰਧੀ ਜਨਰਲ ਹਾਊਸ ਦੀ ਮੀਟਿੰਗ ਮਿਤੀ 25.01.2024 ਦੇ ਮਤਾ ਨੰਬਰ 283 ਰਾਹੀਂ ਫੈਸਲਾ ਕੀਤਾ ਗਿਆ ਕਿ 322 ਸਫਾਈ ਕਰਮਚਾਰੀਆਂ ਨੂੰ ਠੇਕੇ ਦੇ ਆਧਾਰ ਤੇ ਨਿਯੁਕਤ ਕਰਨ ਦੀ ਕਾਰਵਾਈ ਮੁੱਕਮੰਲ ਕੀਤੀ ਜਾਵੇ ਅਤੇ ਹੋਰ 597 ਸਫਾਈ ਵਰਕਰ/ਸੀਵਰਮੈਨ ਰੱਖਣ ਸਬੰਧੀ ਮੰਤਰੀ ਪ੍ਰੀਸ਼ਦ ਵੱਲੋਂ ਕੀਤੇ ਫੈਸਲੇ ਮਿਤੀ 18.06.2021 ਅਤੇ ਸਰਕਾਰ ਵੱਲੋਂ ਪੱਤਰ ਮਿਤੀ: 23.06.2021 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਸਫਾਈ ਸੇਵਕਾਂ/ਸੀਵਰਮੈਨਾਂ ਨੂੰ ਠੇਕੇ ਤੇ ਰੱਖਣ ਲਈ ਰੂਲਾਂ/ਹਦਾਇਤਾਂ ਅਨੁਸਾਰ ਅਤੇ ਪੱਤਰ ਵਿੱਚ ਦਰਸਾਈਆਂ ਸ਼ਰਤਾਂ ਮੁਤਾਬਕ ਬਣਦੀ ਪ੍ਰਕ੍ਰਿਆ ਆਰੰਭੀ ਜਾਵੇ।

ਇਸ ਸਬੰਧੀ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਆਪਣੇ ਪੱਤਰ ਪਿੱਠ ਅੰਕਣ ਨੰਬਰ ਸ5-ਡਸਸ-ਮਸਸ/11242 ਮਿਤੀ 12.02.2024 ਰਾਹੀਂ ਟਿੱਪਣੀ ਕੀਤੀ ਗਈ ਕਿ ਹਾਊਸ ਵੱਲੋਂ 322 ਸਫਾਈ ਕਰਮਚਾਰੀਆਂ ਦੀ ਭਰਤੀ ਸਬੰਧੀ ਕੀਤਾ ਫੈਸਲਾ ਪ੍ਰਵਾਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ 597 ਸਫਾਈ ਵਰਕਰ/ਸੀਵਰਮੈਨਾਂ ਨੂੰ ਠੇਕੇ ਤੇ ਰੱਖਣ ਦੀ ਤਜਵੀਜ ਸਬੰਧੀ ਹੇਠ ਦਰਸਾਏ ਨੁਕਤਿਆਂ ਬਾਰੇ ਸਪਸ਼ਟ ਰਿਪੋਰਟ ਭੇਜੀ ਜਾਵੇ:

1. ਨਗਰ ਨਿਗਮ ਵਿਖੇ ਸਫਾਈ ਵਰਕਰਾਂ ਅਤੇ ਸੀਵਰਮੈਨਾਂ ਦੀਆਂ ਕਿੰਨੀਆਂ ਪ੍ਰਵਾਨਤ ਆਸਾਮੀਆਂ ਹਨ ਅਤੇ ਕਿੰਨੇ ਕਰਮਚਾਰੀ ਕੰਮ ਕਰ ਰਹੇ ਹਨ, ਕਿਉਂਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਠੇਕੇ ਤੇ ਰੱਖੇ ਜਾਣ ਵਾਲੇ ਕਰਮਚਾਰੀਆਂ ਲਈ ਪਹਿਲਾਂ ਆਸਾਮੀਆਂ ਪ੍ਰਵਾਨ ਕਰਵਾਉਣੀਆਂ ਬਣਦੀਆਂ ਹਨ?
2. ਕੀ ਨਗਰ ਨਿਗਮ ਇਹਨਾਂ ਕਰਮਚਾਰੀਆਂ ਦਾ ਖਰਚਾ ਸਹਿਣ ਕਰਨ ਵਿੱਚ ਸਮੱਰਥ ਹੈ?
3. ਇਸ ਸਮੇਂ ਸ਼ਹਿਰ ਵਿੱਚ ਕਿੰਨੀਆਂ ਬੀਟਾਂ ਹਨ, ਜਿੰਨ੍ਹਾਂ ਵਿਰੁੱਧ ਹੋਰ ਤਜਵੀਜ ਕੀਤੇ ਸਫਾਈ ਵਰਕਰ ਰੱਖੇ ਜਾਣੇ ਹਨ?

ਉਕਤ ਸਬੰਧੀ ਰਿਪੋਰਟ ਹੇਠ ਅਨੁਸਾਰ ਹੈ:

1. ਨਗਰ ਨਿਗਮ ਬਠਿੰਡਾ ਵਿਖੇ 885 ਸਫਾਈ ਸੇਵਕਾਂ ਦੀਆਂ ਰੈਗੁਲਰ ਅਸਾਮੀਆਂ ਪ੍ਰਵਾਨਤ ਹਨ, ਜਿਨ੍ਹਾਂ ਵਿੱਚੋਂ 610 ਅਸਾਮੀਆਂ ਭਰੀਆਂ ਹਨ ਅਤੇ 275 ਖਾਲੀ ਹਨ। ਮਤਾ ਨੰ: 26 ਮਿਤੀ 12.07.2021 ਰਾਹੀਂ 322 ਸਫਾਈ ਸੇਵਕਾਂ ਦੀਆਂ ਅਸਾਮੀਆਂ ਠੇਕੇ ਦੇ ਆਧਾਰ ਤੇ ਰਚਨਾ ਪ੍ਰਵਾਨ ਕੀਤੀ ਗਈ ਸੀ, ਜਿਸ ਦੀ ਮੰਜੂਰੀ ਸਰਕਾਰ ਵੱਲੋਂ ਆਪਣੇ ਪੱਤਰ ਮਿਤੀ 16.08.2021 ਰਾਹੀਂ ਦਿੱਤੀ ਗਈ ਸੀ। ਇਸ ਸਬੰਧੀ ਨਗਰ ਨਿਗਮ ਵਿਖੇ ਭਰਤੀ ਕਰਨ ਦੀ ਪ੍ਰਕ੍ਰਿਆ ਪ੍ਰਗਤੀ ਅਧੀਨ ਸੀ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਬਠਿੰਡਾ ਤੋਂ ਪ੍ਰਾਪਤ ਸੂਚਨਾ ਅਨੁਸਾਰ ਸੀਵਰਮੈਨਾਂ ਦੀਆਂ 137 ਅਸਾਮੀਆਂ ਪ੍ਰਵਾਨਤ ਹਨ ਜਿਨ੍ਹਾਂ ਵਿੱਚੋਂ 78 ਰੈਗੂਲਰ ਅਤੇ 59 ਆਊਟਸੋਰਸ ਅਸਾਮੀਆਂ ਪ੍ਰਵਾਨਤ ਹਨ।

2. ਇਸ ਸਮੇਂ 275 ਖਾਲੀ ਅਤੇ 322 ਨਵੀਂ ਪ੍ਰਵਾਨਤ ਅਸਾਮੀਆਂ (275+322=597) ਸਫਾਈ ਸੇਵਕ ਅਤੇ ਸੀਵਰਮੈਨ ਆਊਟਸੋਰਸ ਤੇ ਕੰਮ ਕਰ ਰਹੇ ਹਨ ਜਿਨ੍ਹਾਂ ਵਿੱਚੋਂ 59 ਸੀਵਰਮੈਨ ਹਨ ਅਤੇ 538 ਸਫਾਈ ਸੇਵਕ ਹਨ। ਜੇਕਰ ਹਾਊਸ ਦੇ ਮਤਾ ਨੰਬਰ 283 ਮਿਤੀ 25.01.2024 ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ ਤਾਂ ਨਗਰ ਨਿਗਮ ਨੂੰ 322+597 = 919 ਕਰਮਚਾਰੀਆਂ ਨੂੰ ਕੰਟਰੈਕਟ ਬੇਸ ਤੇ ਰੱਖਣਾ ਪਵੇਗਾ, ਜਿਸਦਾ ਕਿ ਵਿੱਤੀ ਬੋਝ 5.00 ਕਰੋੜ ਰੁਪਏ ਸਲਾਨਾ ਤੋਂ ਜਿਆਦਾ ਹੋਵੇਗਾ, ਅਤੇ ਭਵਿੱਖ ਵਿੱਚ ਜੋ ਕਿ ਵਧਦਾ ਰਹੇਗਾ। ਨਗਰ ਨਿਗਮ ਇਹ ਵਾਧੂ ਖਰਚਾ ਸਹਿਣ ਕਰਨ ਵਿੱਚ ਸਮੱਰਥ ਨਹੀਂ ਹੈ। ਫਿਲਹਾਲ ਨਗਰ ਨਿਗਮ ਬਠਿੰਡਾ ਵਿਖੇ ਜੋ ਆਉਟਸੋਰਸ ਤੇ 597 ਸਫਾਈ ਕਰਮਚਾਰੀ/ਸੀਵਰਮੈਨ ਕੰਮ ਕਰ ਰਹੇ ਹਨ, ਉਹਨਾਂ ਨੂੰ ਡੀ.ਸੀ. ਰੇਟ ਦਿੱਤੇ ਜਾ ਰਹੇ ਹਨ। ਜਿਸਦਾ ਕਿ ਖਰਚਾ ਨਗਰ ਨਿਗਮ ਸਹਿਣ ਕਰਨ ਵਿੱਚ ਸਮੱਰਥ ਹੈ।

ਉਕਤ ਅਨੁਸਾਰ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਪਾਸ ਪੱਤਰ ਨੰਬਰ 1863 ਮਿਤੀ 19.07.2024 ਰਾਹੀਂ ਤਜਵੀਜ ਭੇਜੀ ਗਈ ਸੀ ਕਿ ਸਿਰਫ 597 ਖਾਲੀ ਅਸਾਮੀਆਂ (ਪੁਰਾਣੀ ਅਤੇ ਨਵੀਂ ਪ੍ਰਵਾਨਤ) ਨੂੰ ਠੇਕੇ ਦੇ ਆਧਾਰ ਤੇ ਭਰਤੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ। ਕਿਉਂ ਜੋ 322 ਸਫਾਈ ਕਰਮਚਾਰੀਆਂ ਦੀ ਭਰਤੀ ਮੁਕਮੱਲ ਨਹੀਂ ਹੋਈ ਹੈ ਇਸ ਲਈ ਉਸ ਪ੍ਰਕ੍ਰਿਆ ਨੂੰ ਰੱਦ ਕੀਤਾ ਜਾਵੇ ਤਾਂ ਕਿ ਸਭ ਨੂੰ ਭਰਤੀ ਦਾ ਬਰਾਬਰ ਮੌਕਾ ਦਿੱਤਾ ਜਾ ਸਕੇ ਅਤੇ ਨਗਰ ਨਿਗਮ ਬਠਿੰਡਾ ਉੱਤੇ ਕੋਈ ਵਾਧੂ ਵਿੱਤੀ ਬੋਝ ਵੀ ਨਾ ਪਵੇ।

ਉਕਤ ਅਨੁਸਾਰ ਸਰਕਾਰ ਵੱਲੋਂ ਆਪਣੇ ਪੱਤਰ ਨੰਬਰ ਸ5-ਡਸਸ-ਮਸਸ-2024/51327 ਮਿਤੀ 23.09.2024 ਰਾਹੀਂ ਲਿਖਿਆ ਹੈ ਕਿ ਸਫਾਈ ਵਰਕਾਂ ਦੀ 538 ਅਤੇ ਸੀਵਰਮੈਨਾਂ ਦੀਆਂ 59 ਕੁੱਲ 597 ਖਾਲੀ ਪਈ ਆਸਾਮੀਆਂ ਨੂੰ ਠੇਕੇ ਦੇ ਆਧਾਰ ਤੇ ਭਰਨ ਲਈ ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 18.06.2023 ਨੂੰ ਕੀਤੇ ਫੈਸਲੇ ਅਨੁਸਾਰ ਇਸ ਵਿਭਾਗ ਵੱਲੋਂ ਪੱਤਰ ਨੰਬਰ ਸ1-ਜਬ-ਡਸਸ-2021/24511-24513 ਮਿਤੀ 23.06.2021 ਅਤੇ ਪੱਤਰ ਨੰਬਰ ਸ5-ਡਸਸ-ਮਸਸ-2021/33271 ਮਿਤੀ 16.08.2021 ਰਾਹੀਂ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਕਾਰਵਾਈ ਮੁਕੰਮਲ ਕਰਨੀ ਯਕੀਨੀ ਬਣਾਈ ਜਾਵੇ । ਇਸਤੋਂ ਇਲਾਵਾ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਇੰਨ੍ਹਾਂ ਆਸਾਮੀਆਂ ਦੇ ਖਰਚ ਨੂੰ ਸਹਿਣ ਵਿੱਚ ਸਮੱਰਥ ਹੋਵੇ"।

ਉਕਤ ਅਨੁਸਾਰ 538 ਠੇਕੇ ਦੇ ਆਧਾਰ ਤੇ ਸਫਾਈ ਵਰਕਰ ਅਤੇ 59 ਸੀਵਰਮੈਨ ਠੇਕੇ ਦੇ ਆਧਾਰ ਤੇ ਭਰਤੀ ਕਰਨ ਸਬੰਧੀ ਨਾਲ ਨੱਥੀ ਕਰੀਟਰੇਆ ਅਨੁਸਾਰ ਕੇਸ ਹਾਊਸ ਦੀ ਪ੍ਰਵਾਨਗੀ ਹਿੱਤ।

<table>
<tr><td>ਮਤਾ ਨੰਬਰ 362</td><td>ਪੇਸ਼ ਕੀਤੀ ਗਈ ਤਜਵੀਜ ਅਨੁਸਾਰ 538 ਸਫਾਈ ਵਰਕਰਾਂ ਅਤੇ 59 ਸੀਵਰਮੈਨਾਂ ਨੂੰ ਠੇਕੇ ਦੇ ਆਧਾਰ ਤੇ ਰੱਖਣਾ ਪ੍ਰਵਾਨ ਹੈ। ਕਿਉਂ ਜੋ ਇਹ ਮਤਾ ਹੜਤਾਲ ਤੇ ਬੈਠੇ ਸਫਾਈ ਵਰਕਰਾਂ/ਸੀਵਰਮੈਨਾਂ ਵੱਲੋਂ ਪੰਜਾਬ ਸਰਕਾਰ ਨੂੰ ਇਸ ਸਬੰਧੀ ਪਾਲਿਸੀ ਬਨਾਉਣ ਤੇ ਮਜ਼ਬੂਰ ਕਰਦੇ ਹੋਏ ਠੇਕੇ ਦੇ ਆਧਾਰ ਤੇ ਭਰਤੀ ਕਰਨ ਸਬੰਧੀ ਲਿਆਂਦਾ ਗਿਆ ਹੈ ਤਾਂ ਜੋ ਇਸ ਸਮੇਂ ਆਓਟਸੋਰਸ ਤੇ ਕੰਮ ਕਰ ਰਹੇ ਜਿਆਦਾ ਤੋਂ ਜਿਆਦਾ ਸਫਾਈ ਵਰਕਰ/ਸੀਵਰਮੈਂਨ ਇਸ ਪਾਲਿਸੀ ਵਿੱਚ ਸ਼ਾਮਲ ਹੋ ਸਕਣ। ਇਸ ਲਈ ਪਾਸ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ 322 ਸਫਾਈ ਸੇਵਕਾਂ ਦੀਆਂ ਆਸਾਮੀਆਂ ਦੀ ਰਚਨਾ ਕਰਨ ਅਤੇ ਇੰਨ੍ਹਾਂ ਆਸਾਮੀਆਂ ਨੂੰ ਭਰਨ ਸਬੰਧੀ ਪਹਿਲਾਂ ਪਾਸ ਕੀਤੇ ਗਏ ਮਤਾ ਨੰਬਰ 26 ਮਿਤੀ 12.07.2021 ਵਿੱਚ ਲਾਗੂ ਸਾਰੀਆਂ ਸ਼ਰਤਾਂ ਵਿੱਚੋਂ ਚੋਣ ਵਿਧੀ ਵਿੱਚ ਲਾਗੂ ਸਿਰਫ ਉਮੀਦਵਾਰ ਦੇ ਕੰਮ ਕਰਨ ਦੀ ਸਮੱਰਥਾ ਅਤੇ ਸੁਝਬੂਝ (ਸਿਲੈਕਸ਼ਨ ਕਮੇਟੀ ਦੁਆਰਾ) ਵਾਲੀ ਸ਼ਰਤ ਹਟਾਉਂਦੇ ਹੋਏ ਅਤੇ ਬਾਕੀ ਸਾਰੀਆਂ ਸ਼ਰਤਾਂ ਨੂੰ ਲਾਗੂ ਰੱਖਦੇ ਹੋਏ ਹੇਠ ਅਨੁਸਾਰ ਨੰਬਰ ਦਿੱਤੇ ਜਾਣ:
<table>
<tr><th>ਵਿਦਿਅਕ ਯੋਗਤਾ/ਤਜ਼ੁਰਬਾ</th><th>ਅੰਕ</th></tr>
<tr><td>ਪੜ੍ਹਨਾ ਲਿਖਣਾ ਜਾਣਦਾ ਹੋਵੇ</td><td>20 ਅੰਕ</td></tr>
<tr><td>ਤਜ਼ਰਬਾ 0-3 ਸਾਲ</td><td>15 ਅੰਕ ਕੁੱਲ 35 ਅੰਕ</td></tr>
<tr><td>ਤਜ਼ਰਬਾ 3-5 ਸਾਲ</td><td>15 ਅੰਕ ਕੁੱਲ 50 ਅੰਕ</td></tr>
<tr><td>ਤਜ਼ਰਬਾ 5-8 ਸਾਲ</td><td>25 ਅੰਕ ਕੁੱਲ 75 ਅੰਕ</td></tr>
<tr><td>ਤਜ਼ਰਬਾ 8 ਸਾਲ ਤੋਂ ਵੱਧ</td><td>25 ਅੰਕ ਕੁੱਲ 100 ਅੰਕ</td></tr>
</table>
ਮਜ਼ੀਦ ਪਾਸ ਕੀਤਾ ਗਿਆ ਕਿ ਉਮੀਦਵਾਰਾਂ ਦੀ ਮੈਰਿਟ ਲਿਸਟ ਬਨਾਉਣ ਖਾਤਰ ਸਬ-ਕਮੇਟੀ ਬਣਾਈ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਨੂੰ ਦਿੱਤੇ ਜਾਂਦੇ ਹਨ।</td></tr>
</table>

**ਏਜੰਡਾ ਨੰਬਰ 9:**

ਰਿਪੋਰਟ ਸਿਹਤ ਸ਼ਾਖਾ ਕਿ ਡੋਰ ਟੂ ਡੋਰ ਗਾਰਬੇਜ਼ ਯੂਜ਼ਰ ਚਾਰਜ਼ ਕੂਲੈਕਸ਼ਨ ਸਬੰਧੀ ਦਫਤਰ ਨੂੰ ਰੋਜ਼ਾਨਾ ਕੁੱਝ ਮੁਸ਼ਕਿਲਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਡੋਰ ਟੂ ਡੋਰ ਗਾਰਬੇਜ਼ ਯੂਜ਼ਰ ਚਾਰ ਕੂਲੈਕਸ਼ਨ ਸ਼ੁਰੂ ਹੋਣ ਤੋਂ ਬਾਦ ਮਾਨਯੋਗ ਕਮਿਸ਼ਨਰ ਜੀ ਦੇ ਜੁਬਾਨੀ ਹੁਕਮਾਂ ਅਨੁਸਾਰ ਜਿਹੜੇ ਘਰਾਂ/ਦੁਕਾਨਾਂ ਵਾਲਿਆ ਵੱਲੋਂ ਆਪਣੇ ਬੰਦ ਘਰ/ਦੁਕਾਨ ਜਾਂ ਖਾਲੀ ਪਲਾਟ ਦੇ ਡੋਰ ਟੂ ਡੋਰ ਗਾਰਬੇਜ਼ ਯੂਜ਼ਰ ਚਾਰਜ਼ ਕੂਲੈਕਸ਼ਨ ਦੀ ਮਾਫੀ ਲਈ ਬੇਨਤੀ ਕੀਤੀ ਜਾਂਦੀ ਸੀ। ਉਸਤੇ ਸੈਨੀਟੇਸ਼ਨ ਸ਼ਾਖਾ ਵੱਲੋਂ ਕਾਰਵਾਈ ਕਰਦੇ ਹੋਏ ਸੈਨਟਰੀ ਸੁਪਰਵਾਇਜ਼ਰ/ ਇੰਸਪੈਕਟਰ ਵੱਲੋਂ ਮੌਕਾ ਦੇਖਿਆ ਜਾਂਦਾ ਸੀ ਅਤੇ ਸੈਨਟਰੀ ਇੰਸਪੈਕਟਰ/ ਸੁਪਰਵਾਇਜ਼ਰ ਦੀ ਰਿਪੋਰਟ ਦੇ ਆਧਾਰ ਤੇ ਬੰਦ ਘਰ/ਦੁਕਨਾਂ ਅਤੇ ਪਲਾਟਾਂ ਦੇ

ਮਾਲਕਾਂ ਨੂੰ ਕੂੜੇ ਦੇ ਬਿੱਲ ਵਿੱਚ ਮਾਫੀ ਦਿੱਤੀ ਜਾਂਦੀ ਸੀ। ਇਸਤੋਂ ਬਾਅਦ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਨਿਗਰਾਨ ਇੰਜੀਨੀਅਰ ਦੇ ਪੱਤਰ ਨੰਬਰ 4783 ਮਿਤੀ 12.10.2023 ਰਾਹੀਂ ਡੋਰ ਟੂ ਡੋਰ ਗਾਰਬੇਜ਼ ਯੂਜ਼ਰ ਚਾਰਜ਼ ਕੂਲੈਕਸ਼ਨ ਦੇ ਹਰ ਤਰ੍ਹਾ ਦੇ ਬਿੱਲ ਤੇ ਰੋਕ ਲਗਾਈ ਗਈ ਸੀ। ਇਹ ਕਿ ਰੋਜ਼ਾਨਾ ਬੰਦ ਘਰਾਂ/ਦੁਕਾਨਾਂ ਅਤੇ ਪਲਾਟਾਂ ਦੇ ਬਿੱਲ ਮਾਫੀ ਲਈ ਲੋਕ/ਸ਼ਹਿਰਵਾਸੀ ਆ ਰਹੇ ਹਨ ਅਤੇ ਦਫਤਰ ਨੂੰ ਅਤੇ ਸ਼ਹਿਰਵਾਸੀਆਂ ਨੂੰ ਕਾਫੀ ਮੁਸ਼ਕਿਲ ਆ ਰਹੀ ਹੈ। ਜਿਸ ਨਾਲ ਦਫਤਰੀ ਸਟਾਫ ਨੂੰ ਕਈ ਵਾਰ ਲੋਕਾਂ ਦੇ ਗੁੱਸੇ/ਨਾਰਾਜਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਸ਼ਹਿਰਵਾਸੀਆਂ ਨੂੰ ਖੱਜਲਖੁਆਰੀ ਹੋ ਰਹੀ ਹੈ। ਇਸ ਲਈ ਇਸਤੇ ਫੈਸਲਾ ਲੈਣਾ ਅਤਿ ਜਰੂਰੀ ਹੈ ਕਿ ਸ਼ਹਿਰ ਵਿੱਚ ਬੰਦ ਘਰਾਂ/ਦੁਕਾਨਾਂ ਅਤੇ ਪਲਾਟਾਂ ਦੇ ਮਾਲਕਾਂ ਤੋਂ ਡੋਰ ਟੂ ਡੋਰ ਗਾਰਬੇਜ਼ ਯੂਜ਼ਰ ਕੂਲੈਕਸ਼ਨ ਲੈਣਾ ਹੈ ਜਾਂ ਨਹੀਂ? ਇਹ ਕਿ ਕੁੱਝ ਘਰਾਂ/ਦੁਕਾਨਾਂ/ਪਲਾਟਾਂ ਦੀਆਂ ਰਜਿਸਟਰੀਆਂ ਨਗਰ ਨਿਗਮ ਤੋਂ ਐਨ.ਓ.ਸੀ. ਲਏ ਬਿਨਾਂ ਤਹਿਸੀਲ ਵਿੱਚੋਂ ਹੁੰਦੀਆਂ ਹਨ। ਉਹਨਾਂ ਦੇ ਮਾਲਕਾਂ ਵੱਲੋਂ ਰਜਿਸਟਰੀ ਕਰਵਾਉਣ ਤੋਂ ਪਹਿਲਾਂ ਡੋਰ ਟੂ ਡੋਰ ਗਾਰਬੇਜ਼ ਯੂਜ਼ਰ ਚਾਰਜ਼ ਭਰਨ ਤੋਂ ਮਨਾਂ ਕਰ ਦਿੱਤਾ ਜਾਂਦਾ ਹੈ। ਜਿਸ ਕਾਰਨ ਬਿਨਾਂ ਗਾਰਬੇਜ਼ ਕੂਲੈਕਸ਼ਨ ਯੂਜ਼ਰ ਚਾਰਜ਼ ਭਰੇ ਉਹਨਾਂ ਨੂੰ ਯੂ.ਆਈ.ਡੀ. ਨੰਬਰ ਲਗਵਾਉਣ ਵਿੱਚ ਦਿੱਕਤ ਪੇਸ਼ ਆ ਰਹੀ ਹੈ। ਇੱਥੇ ਇਹ ਦਸਣਯੋਗ ਹੈ ਕਿ ਇਸ ਨਾਲ ਸਬੰਧਤ ਹਾਊਸ ਵਿੱਚ ਪਾਸ ਕੀਤੇ ਗਏ ਮਤੇ ਤੇ ਸ਼ਹਿਰ ਵਿੱਚ ਬੰਦ ਘਰਾਂ/ਦੁਕਾਨਾਂ ਅਤੇ ਪਲਾਟਾਂ ਦੇ ਮਾਲਕਾਂ ਤੋਂ ਡੋਰ ਟੂ ਡੋਰ ਗਾਰਬੇਜ਼ ਯੂਜ਼ਰ ਚਾਰਜ਼ ਕੂਲੈਕਸ਼ਨ ਲੈਣਾ ਹੈ ਜਾਂ ਨਹੀਂ? ਇਸ ਬਾਬਤ ਕੁੱਝ ਸਪਸ਼ਟ ਨਹੀਂ ਹੈ। ਨਾਂ ਹੀ ਜਿਹੜੀਆਂ ਰਜਿਸਟਰੀਆਂ ਦੀ ਐਨ.ਓ.ਸੀ. (ਇਤਰਾਜ਼ਹੀਨਤਾ ਸਰਟੀਫਿਕੇਟ) ਪਹਿਲਾਂ ਨਗਰ ਨਿਗਮ ਤੋਂ ਨਹੀਂ ਲਈ ਜਾਂਦੀ, ਉਹਨਾਂ ਦੇ ਗਾਰਬੇਜ਼ ਕੂਲੈਕਸ਼ਨ ਯੂਜ਼ਰ ਚਾਰਜ਼ ਭਰਨ ਬਾਰੇ ਸਪਸ਼ਟ ਹੈ। ਰਿਪੋਰਟ ਹੇਠ ਲਿਖੀਆਂ ਮੁਸ਼ਕਿਲਾਂ ਤੇ ਸਪਸ਼ਟ ਫੈਸਲਾ ਕਰਨ ਹਿੱਤ ਹਾਊਸ ਵਿੱਚ ਭੇਜਣਾ ਉਚਿਤ ਹੋਵੇਗਾ:-

1. ਖਾਲੀ ਪਲਾਟਾਂ ਦੇ ਮਾਲਕਾਂ ਤੋਂ ਗਾਰਬੇਜ਼ ਯੂਜ਼ਰ ਚਾਰਜ਼ ਕੂਲੈਕਟ ਕਰਨ ਸਬੰਧੀ।
2. ਉਸਾਰੀ ਅਧੀਨ ਮਕਾਨਾਂ. ਦੁਕਾਨਾਂ ਦੇ ਮਾਲਕਾਂ ਤੋਂ ਗਾਰਬੇਜ਼ ਯੂਜ਼ਰ ਚਾਰਜ਼ ਕੂਲੈਕਟ ਕਰਨ ਸਬੰਧੀ।
3. ਲੰਬੇ ਸਮੇਂ ਤੋਂ ਬੰਦ ਪਏ ਮਕਾਨਾਂ/ ਦੁਕਾਨਾਂ ਤੋਂ ਗਾਰਬੇਜ਼ ਯੂਜ਼ਰ ਚਾਰਜ਼ ਕੂਲੈਕਟ ਕਰਨ ਸਬੰਧੀ।
4. ਜਿਹੜੇ ਮਕਾਨਾਂ/ਦੁਕਾਨਾਂ ਦੀਆਂ ਰਜਿਸਟਰੀਆਂ ਨਗਰ ਨਿਗਮ ਬਠਿੰਡਾ ਤੋਂ ਇਤਰਾਜ਼ਹੀਨਤਾ ਸਰਟੀਫਿਕੇਟ ਲਏ ਬਿਨਾਂ ਹੁੰਦੀਆਂ ਹਨ, ਉਹਨਾਂ ਦੇ ਨਵੇਂ ਮਾਲਕਾਂ ਵੱਲੋਂ ਪਿਛਲਾ ਬਿੱਲ (ਗਾਰਬੇਜ਼ ਯੂਜ਼ਰ ਚਾਰਜ਼) ਭਰਨ ਤੋਂ ਇਨਕਾਰ ਕੀਤਾ ਜਾਂਦਾ ਹੈ।

ਇਹ ਲੋਕਾਂ ਦੀਆਂ ਜਾਇਜ ਮੰਗਾਂ ਹਨ। ਇਹ ਤਜਵੀਜ ਨਿਰਧਾਰਤ ਸ਼ਰਤਾਂ ਤੇ ਉਕਤ ਲੜੀ ਨੰਬਰ 1 ਤੋਂ 4 ਤੱਕ ਗਾਰਬੇਜ਼ ਯੂਜ਼ਰ ਚਾਰਜ਼ ਮਾਫ ਕਰਨ ਲਈ ਹਾਊਸ ਵਿੱਚ ਚਰਚਾ ਅਤੇ ਇਸਤੇ ਫੈਸਲਾ ਖਾਤਰ ਜਨਰਲ ਹਾਊਸ ਦੀ ਮੀਟਿੰਗ ਮਿਤੀ 23.08.2024 ਰੱਖੀ ਗਈ ਸੀ। ਹਾਊਸ ਵੱਲੋਂ ਇਸ ਮੱਦ ਨੂੰ ਆਪਣੇ ਮਤਾ ਨੰਬਰ 313 ਮਿਤੀ 23.08.2024 ਰਾਹੀਂ ਪੈਂਡਿੰਗ ਰੱਖ ਲਿਆ ਸੀ। ਹੁਣ ਮੁੜ੍ਹ ਤੋਂ ਕੇਸ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| ਮਤਾ ਨੰਬਰ 363 | **ਲੜੀ ਨੰਬਰ 1 ਤੋਂ 3 ਤੱਕ ਦੇ ਗਾਰਬੇਜ਼ ਯੂਜ਼ਰ ਚਾਰਜ਼ਿਜ਼ ਮਾਫ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਲੜੀ ਨੰਬਰ 4 ਸਬੰਧੀ ਤਹਿਸੀਲਦਾਰ, ਬਠਿੰਡਾ ਨੂੰ ਲਿਖਿਆ ਜਾਵੇ ਕਿ ਸ਼ਹਿਰ ਦੀ ਕਿਸੇ ਵੀ ਪ੍ਰਾਪਰਟੀ ਸਬੰਧੀ ਨਗਰ ਨਿਗਮ ਬਠਿੰਡਾ ਤੋਂ ਐਨ.ਓ.ਸੀ. ਲਏ ਬਿਨ੍ਹਾਂ ਰਜਿਸਟਰੀ ਨਾ ਕੀਤੀ ਜਾਵੇ। ਜੇਕਰ ਫਿਰ ਵੀ ਕੋਈ ਰਜਿਸਟਰੀ ਕੀਤੀ ਜਾਂਦੀ ਹੈ ਤਾਂ ਉਸ ਯੂਨਿਟ/ਪ੍ਰਾਪਰਟੀ ਵੱਲ ਗਾਰਬੇਜ਼ ਯੂਜ਼ਰ ਚਾਰਜ਼ਿਜ਼ ਸਬੰਧੀ ਬਣਦੀ ਰਾਸ਼ੀ ਬਕਾਇਆ ਖੜੀ ਰਹੇਗੀ, ਜੋ ਕਿ ਬਾਅਦ ਵਿੱਚ ਵੀ ਵਸੂਲਣ ਯੋਗ ਹੋਵੇਗੀ। ਇਸਤੋਂ ਇਲਾਵਾ ਜੇਕਰ ਕਿਸੇ ਯੂਜ਼ਰ ਵੱਲੋਂ ਆਪਣੇ ਯੂਨਿਟ ਦੇ ਹਰ ਵਿੱਤੀ ਸਾਲ ਦੇ ਬਣਦੇ ਗਾਰਬੇਜ਼ ਯੂਜ਼ਰ ਚਾਰਜ਼ਿਜ਼ ਇੱਕਠੇ ਭਰੇ ਜਾਂਦੇ ਹਨ, ਤਾਂ ਉਸਨੂੰ ਪਹਿਲਾਂ ਦੀ ਤਰ੍ਹਾਂ 10% ਰਿਬੇਟ/ਛੋਟ ਦਿੱਤੀ ਜਾਵੇ ਅਤੇ ਵਿੱਤੀ ਸਾਲ ਬੀਤਣ ਉਪਰੰਤ ਲੇਟ ਗਾਰਬੇਜ਼ ਯੂਜ਼ਰ ਚਾਰਜ਼ਿਜ਼ ਭਰਨ ਤੇ 5% ਜੁਰਮਾਨਾ ਵਸੂਲ ਕੀਤਾ ਜਾਵੇ।** |

**ਏਜੰਡਾ ਨੰਬਰ 10:**

ਰਿਪੋਰਟ ਵਰਕਸ ਸ਼ਾਖਾ ਕਿ ਅਸਟੇਟ ਅਫਸਰ, ਪੰਜਾਬ ਵਕਫ ਬੋਰਡ, ਬਠਿੰਡਾ ਦੇ ਪੱਤਰ ਮਿਤੀ 29.08.2024 ਰਾਹੀਂ ਪੰਜਾਬ ਵਕਫ ਬੋਰਡ ਵੱਲੋਂ ਲਿਖਿਆ ਗਿਆ ਹੈ ਕਿ ਨਗਰ ਨਿਗਮ ਬਠਿੰਡਾ ਪਾਸ ਪੰਜਾਬ ਵਕਫ ਬੋਰਡ ਦੀ ਮਾਲਕੀ ਵਾਲੀ ਜਮੀਨ ਮੁੱਰਬਾ ਗਜ਼ ਖਸਰਾ ਨੰਬਰ 2468/2 ਮਿਨ ਵਾਕਿਆ ਪੀਰਖਾਨਾ ਰੋਡ, ਸਾਹਮਣੇ ਪਟਵਾਰ ਭਵਨ, ਬਠਿੰਡਾ ਉੱਤੇ ਨਜਾਇਜ ਕਬਜਾ ਹੈ, ਜਿਸਦਾ ਕੇਸ ਮਾਨਯੋਗ ਸਿਵਲ ਕੋਰਟ ਬਠਿੰਡਾ ਤੋਂ ਪੰਜਾਬ ਵਕਫ ਬੋਰਡ ਦੇ ਪੱਖ ਵਿੱਚ ਹੋਇਆ ਸੀ, ਜਿਸਦੀ ਹੁਣ ਐਗਜੀਕਿਊਸ਼ਨ ਲੰਬਿਤ ਹੈ। ਉਕਤ ਪੱਤਰ ਰਾਹੀਂ ਪੰਜਾਬ ਵਕਫ ਬੋਰਡ ਨਾਲ ਹੋਈ ਮੀਟਿੰਗ ਮਿਤੀ 14.07.2023 ਵਿੱਚ ਜਮੀਨ ਦੀ ਲੀਜ਼ ਖਰਚਿਆਂ ਦਾ ਵੇਰਵਾ ਮੰਗਿਆ ਸੀ, ਜੋ ਕਿ ਹੇਠ ਲਿਖੇ ਅਨੁਸਾਰ ਹੈ:

| ਖਰਚੇ ਦਾ ਨਾਮ | ਕੁੱਲ ਰੁਪਏ | ਵਿਸ਼ੇਸ਼ ਕਥਨ |
|---|---|---|
| Rent P.M. | Rs. 16,000/- p.m.<br>Rs. 1,92,000/- P.A. | |

| | | |
|---|---|---|
| Up-front Charges | Rs. 5,76,000/- | One Time only |
| Security Fee | Rs. 48,000/- | |
| Regularization Charges | Rs. 20,000/- | One Time only |
| Application Fee | Rs. 10,000/- | |
| Arrear/Use & Occ. | Rs. 5,76,000/- | Last three years rent |
| Legal Charges | Rs. 50,000/- | One Time only |
| Total | Rs. 14,72,000/- | |

ਇਸ ਸਬੰਧੀ ਦਸਿਆ ਜਾਂਦਾ ਹੈ ਕਿ ਉਕਤ ਜਗ੍ਹਾ ਵਿੱਚ ਨਗਰ ਨਿਗਮ ਵੱਲੋਂ ਸੈਨੀਟੇਸ਼ਨ ਸ਼ਾਖਾ ਦਾ Attendance Point ਬਣਾਇਆ ਹੋਇਆ ਹੈ ਅਤੇ ਇਸ ਜਗ੍ਹਾ ਵਿੱਚ ਨਗਰ ਨਿਗਮ ਦੇ ਟਿੱਪਰ ਅਤੇ ਟ੍ਰੈਕਟਰ ਆਦਿ ਖੜ੍ਹੇ ਕੀਤੇ ਜਾਂਦੇ ਹਨ। ਇਸ ਲਈ ਯੋਗ ਹੋਵੇਗਾ ਕਿ ਉਕਤ ਜਗ੍ਹਾ ਨਗਰ ਨਿਗਮ ਵੱਲੋਂ ਲੀਜ਼ ਤੇ ਲੈ ਲਈ ਜਾਵੇ। ਇਸ ਲਈ ਉਕਤ ਜਗ੍ਹਾ ਦੀ ਬਣਦੀ ਲੀਜ਼ ਰਕਮ ਮੁਬਲਿਗ 14,72,000/- ਰੁਪਏ ਪੰਜਾਬ ਵਕਫ ਬੋਰਡ, ਬਠਿੰਡਾ ਨੂੰ ਅਦਾ ਕਰਨ ਲਈ ਕੇਸ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| ਮਤਾ ਨੰਬਰ 364 | **ਪ੍ਰਵਾਨ ਹੈ।** |

**<u>ਏਜੰਡਾ ਨੰਬਰ 11:</u>**

ਰਿਪੋਰਟ ਬਾਗਬਾਨੀ ਸ਼ਾਖਾ ਕਿ ਹੈਲਪ ਫਾਰ ਨੀਡੀ ਫਾਊਂਡੇਸ਼ਨ, ਬਠਿੰਡਾ ਵੱਲੋਂ ਦਫਤਰ ਨਗਰ ਨਿਗਮ ਬਠਿੰਡਾ ਵਿਖੇ ਪੱਤਰ ਨੰਬਰ 4590 ਮਿਤੀ 17.10.2024 ਰਾਹੀਂ ਲਿਖਤੀ ਦਰਖਾਸਤ ਦਿੱਤੀ ਹੈ ਕਿ ਜਨਤਾ ਨਗਰ ਗਲੀ ਨੰਬਰ 1 ਤੋਂ 2, 3,4,5 ਦੇ ਬਾਹਰ ਜੋ ਪਾਰਕਾਂ/ਗਰੀਨ ਬੈਲਟਾਂ ਬਣੀਆਂ ਹੋਈਆਂ ਹਨ, ਇਹਨਾਂ ਪਾਰਕਾਂ ਦੀ ਸਾਂਭ-ਸੰਭਾਲ ਦਾ ਕੰਮ ਉਹਨਾਂ ਦੀ ਸੰਸਥਾ ਹੈਲਪ ਫਾਰ ਨੀਡੀ ਫਾਂਊਂਡੇਸ਼ਨ, ਬਠਿੰਡਾ ਨੂੰ ਆਪਣੇ ਪੱਧਰ ਤੇ ਬਿਨ੍ਹਾਂ ਕਿਸੇ ਕਿਸਮ ਦੇ ਖਰਚੇ ਤੋਂ ਸਾਂਭ-ਸੰਭਾਲ ਲਈ ਦਿੱਤਾ ਜਾਵੇ।

ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਪਾਰਕਾਂ Forest Department ਦੀਆਂ ਹਨ ਅਤੇ Forest Department ਨੇ ਸਾਂਭ-ਸੰਭਾਲ ਲਈ ਨਗਰ ਨਿਗਮ ਨੂੰ ਹੈਂਡ ਓਵਰ ਕੀਤੇ ਹੋਏ ਹਨ। ਇਸ ਲਈ ਉਕਤ ਸੋਸਾਇਟੀ ਨੂੰ ਪਾਰਕਾਂ ਦੀ ਸਾਂਭ-ਸੰਭਾਲ ਦਾ ਕੰਮ ਦੇਣ ਲਈ ਕੇਸ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| ਮਤਾ ਨੰਬਰ 365 | **ਇੱਕ ਸਾਲ ਦੇ ਸਮੇਂ ਲਈ ਪਾਰਕਾਂ ਦੀ ਸਾਂਭ ਸੰਭਾਲ ਖਾਤਰ ਟਰਾਇਲ ਬੇਸਿਸ ਤੇ ਦੇਣਾ ਪ੍ਰਵਾਨ ਹੈ ਬਸ਼ਰਤੇ ਕਿ ਇਹਨਾਂ ਪਾਰਕਾਂ ਦੀ ਸਾਂਭ-ਸੰਭਾਲ ਲਈ ਇਸ ਇਲਾਕੇ ਦੀ ਕੋਈ ਹੋਰ ਸੰਸਥਾਂ ਨਗਰ ਨਿਗਮ ਨੂੰ ਅਪਰੋਚ ਨਾ ਕਰੇ। ਜੇਕਰ ਕੋਈ ਹੋਰ ਸੰਸਥਾਂ ਇਹਨਾਂ ਪਾਰਕਾਂ ਦੀ ਸਾਂਭ-ਸੰਭਾਲ ਲਈ ਅਪਰੋਚ ਕਰਦੀ ਹੈ ਤਾਂ ਉਹਨਾਂ ਵਿੱਚੋ ਜੋ ਵੀ ਸੰਸਥਾ ਵਧੀਆ ਕਾਰਗੁਜ਼ਾਰੀ ਲਈ ਕੰਮ ਕਰੇਗੀ, ਇਹ ਸਾਭ-ਸੰਭਾਲ ਦਾ ਜਿੰਮਾ ਉਸ ਸੰਸਥਾਂ ਨੂੰ ਦਿੱਤਾ ਜਾਵੇ। ਇਸ ਸਬੰਧੀ ਸੰਸਥਾ ਨੂੰ ਪਾਰਕ ਹੈਂਡ ਓਵਰ ਕਰਨ ਦੇ ਅਧਿਕਾਰ ਮੇਅਰ, ਨਗਰ ਨਿਗਮ ਬਠਿੰਡਾ ਜੀ ਨੂੰ ਦਿੱਤੇ ਜਾਂਦੇ ਹਨ।** |

**<u>ਏਜੰਡਾ ਨੰਬਰ 12:</u>**

ਰਿਪੋਰਟ ਬਿਲਡਿੰਗ ਸ਼ਾਖਾ ਕਿ ਸਮੂਹ ਮੁੱਹਲਾ, ਪ੍ਰਜਾਪਤ ਕਲੋਨੀ ਬਠਿੰਡਾ ਪਾਸੋਂ ਇੱਕ ਲਿਖਤੀ ਦਰਖਾਸਤ ਪ੍ਰਾਪਤ ਹੋਈ ਹੈ। ਜਿਸ ਵਿੱਚ ਸਮੂਹ ਇਲਾਕਾ ਨਿਵਾਸੀਆਂ ਵੱਲੋਂ ਪ੍ਰਜਾਪਤ ਕਲੋਨੀ ਜੋ ਕਿ ਟੀ.ਪੀ. ਸਕੀਮ ਨੰਬਰ 2 ਪਾਰਟ 1 ਵਿੱਚ ਪੈਂਦੀਆਂ ਤਕਰੀਬਨ 4 ਗਲੀਆਂ ਦੇ ਨਕਸ਼ੇ, ਡਿਵੈਲਪਮੈਂਟ ਆਦਿ ਦੇ ਕੰਮ ਨਾ ਹੋਣ ਸਬੰਧੀ ਬੇਨਤੀ ਪੱਤਰ ਮਾਨਯੋਗ ਮੇਅਰ ਨਗਰ ਨਿਗਮ ਬਠਿੰਡਾ ਜੀ ਨੂੰ ਦਿੱਤਾ ਗਿਆ ਸੀ। ਐਕਟਿੰਗ ਮੇਅਰ ਜੀ ਵੱਲੋਂ ਦਿੱਤੇ ਹੁਕਮਾਂ ਦੀ ਪਾਲਣਾਂ ਕਰਦਿਆਂ ਮੌਕੇ ਦਾ ਦੌਰਾ ਕੀਤਾ ਗਿਆ। ਇਸ ਦੋਰਾਨ ਪਾਇਆ ਕਿ ਇਹ ਗਲੀਆਂ ਸਰਕਾਰ ਵੱਲੋਂ ਪ੍ਰਵਾਨਤ ਟਾਊਨ ਪਲੈਨਿੰਗ ਸਕੀਮ ਨੰਬਰ 2 ਪਾਰਟ 1 ਅਤੇ 9 ਪਾਰਟ 1 ਦਾ ਹਿੱਸਾ ਹਨ। ਪ੍ਰਵਾਨਤ ਸਕੀਮ ਦੇ ਲੇਅ-ਆਊਟ ਅਤੇ ਮੌਕੇ ਤੇ ਚੱਲ ਰਹੀਆਂ ਸੜ੍ਹਕਾਂ ਅਨੁਸਾਰ ਇਹ ਸੜ੍ਹਕਾਂ ਆਪਸ ਵਿੱਚ ਮੇਲ ਨਹੀਂ ਖਾਂਦੀਆਂ। ਲੇਅ-ਆਊਟ ਵਿੱਚ ਸੜ੍ਹਕਾਂ ਦੀ ਚੌੜਾਈ 20 ਫੁੱਟ ਹੈ, ਜਦਕਿ ਮੌਕੇ ਤੇ ਸੜ੍ਹਕਾਂ ਦੀ ਚੌੜਾਈ 17 ਤੋਂ 18 ਫੁੱਟ ਹੈ। ਸੜ੍ਹਕਾਂ ਤੇ ਦੱਬ ਹੋਣ ਦੇ ਖਦਸ਼ੇ ਅਤੇ ਮੌਕੇ ਤੇ ਚੱਲ ਰਹੀਆਂ ਸੜ੍ਹਕਾਂ ਸਕੀਮ ਅਨੁਸਾਰ ਨਾ ਹੋਣ ਕਰਕੇ ਹੀ ਇੰਨ੍ਹਾਂ ਸੜ੍ਹਕਾਂ ਤੇ ਪੈਂਦੇ ਪਲਾਟਾਂ ਦਾ ਨਕਸ਼ਾ ਪ੍ਰਵਾਨ ਨਹੀਂ ਕੀਤਾ ਜਾ ਰਿਹਾ। ਇਸ ਸਬੰਧੀ ਫੈਸਲਾ ਜਨਰਲ ਹਾਊਸ ਵਿੱਚ ਕੇਸ ਰੱਖ ਕੇ ਲੈ ਲਿਆ ਜਾਣਾ ਬਣਦਾ ਹੈ। ਕਿਉਂ ਜੋ ਪੀ.ਐਮ.ਸੀ. ਐਕਟ 1976 ਦੀ ਧਾਰਾ 246 ਅਧੀਨ ਮੌਕੇ ਦੀਆਂ ਸੜ੍ਹਕਾਂ ਜਿਵੇਂ ਹੈ ਤਿਵੇਂ ਅਨੁਸਾਰ ਪਬਲਿਕ ਸਟਰੀਟ ਮੌਕੇ ਦਾ ਸਰਵੈ ਕਰਵਾਉਣ ਉਪਰੰਤ, ਆਮ ਜਨਤਾ ਪਾਸੋਂ ਇਤਰਾਜ਼ ਵਾ ਸੁਝਾਅ ਪ੍ਰਾਪਤ ਕਰਨ ਉਪਰੰਤ ਘੋਸ਼ਿਤ ਕੀਤੀਆਂ ਜਾ ਸਕਦੀਆਂ ਹਨ। ਮਿਸਲ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮਾਨਯੋਗ ਜਨਰਲ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| ਮਤਾ ਨੰਬਰ 366 | ਪ੍ਰਵਾਨ ਹੈ। |
|---|---|

**ਏਜੰਡਾ ਨੰਬਰ 13:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਅਫੀਮ ਵਾਲੀ ਗਲੀ, ਨੇੜੇ ਸਿਰਕੀ ਬਾਜਾਰ ਨੂੰ ਰਿਹਾਇਸ਼ੀ ਤੋਂ ਕਮਰਸ਼ੀਅਲ ਘੋਸ਼ਿਤ ਕਰਨ ਸਬੰਧੀ ਇਲਾਕਾ ਨਿਵਾਸੀਆਂ ਵੱਲੋਂ ਮਾਨਯੋਗ ਮੇਅਰ ਸਾਹਿਬ ਨੂੰ ਬੇਨਤੀ ਪੱਤਰ ਦਿੱਤਾ ਗਿਆ ਹੈ ਜੀ। ਇਸ ਦੇ ਸਬੰਧ ਵਿੱਚ ਆਪਜੀ ਨੂੰ ਦਸਿਆ ਜਾਂਦਾ ਹੈ ਕਿ ਅਫੀਮ ਵਾਲੀ ਗਲੀ ਦੇ ਨੇੜੇ ਸਿਰਕੀ ਬਾਜਾਰ ਅਤੇ ਬੈਂਕ ਬਾਜਾਰ ਲੱਗਦੇ ਹਨ। ਇਹ ਏਰੀਆ ਨਗਰ ਨਿਗਮ ਦੇ ਰਿਕਾਰਡ ਅਨੁਸਾਰ ਕੋਰ ਏਰੀਆ ਘੋਸ਼ਿਤ ਹੋਇਆ ਹੈ। ਮਾਸਟਰ ਪਲੈਨ ਦੀਆਂ ਯੂਨੀਫਾਇਡ ਗਾਈਡਲਾਇਨਜ਼ ਅਨੁਸਾਰ ਸ਼ਹਿਰ ਦਾ ਪੁਰਾਣਾ ਏਰੀਆ ਜਿਸਨੂੰ ਕਿ ਟਾਊਨ ਐਂਡ ਕੰਟਰੀ ਵਿਭਾਗ ਵੱਲੋਂ ਕੋਰ ਏਰੀਆ ਕਿਹਾ ਜਾਂਦਾਹੈ ਵਿੱਚ ਕਾਰੋਬਾਰੀ ਅਦਾਰੇ ਆਗਿਆ ਯੋਗ ਹਨ। ਪੰਜਾਬ ਦੀਆਂ ਬਾਕੀ ਨਗਰ ਕਾਰਪੋਰੇਸ਼ਨਾਂ ਅਤੇ ਨਗਰ ਕੌਂਸਲਾਂ ਵਿੱਚ ਮਾਸਟਰ ਪਲੈਨ ਦੀਆਂ ਹਦਾਇਤਾਂ ਅਨੁਸਾਰ ਕੋਰ ਏਰੀਏ/ ਲਾਲ ਡੋਰੇ ਅੰਦਰ ਕਾਰੋਬਾਰੀ ਇਮਾਰਤਾਂ ਆਗਿਆ ਯੋਗ ਹਨ। ਪਰ ਨਗਰ ਨਿਗਮ ਬਠਿੰਡਾ ਵਿੱਚ ਅਜਿਹੀਆਂ ਗਤੀਵਿਧੀਆਂ ਦਾ ਫੈਸਲਾ ਮੁੱਢ ਤੋਂ ਜਨਰਲ ਹਾਊਸ ਵੱਲੋਂ ਲਿਆ ਜਾਂਦਾ ਹੈ।

ਉਕਤ ਰਿਪੋਰਟ ਤੋਂ ਇਲਾਵਾ ਆਪਜੀ ਦੇ ਉਚੇਚੇ ਧਿਆਨ ਹਿੱਤ ਲਿਆਇਆ ਜਾਂਦਾ ਹੈ ਕਿ ਅਫੀਮ ਵਾਲੀ ਗਲੀ ਤੇ ਅੱਧ ਤੱਕ ਪਹਿਲਾਂ ਹੀ ਨਾ ਕੇਵਲ ਕਾਰੋਬਾਰੀ ਅਦਾਰੇ ਚੱਲ ਰਹੇ ਹਨ, ਸਗੋਂ ਨਗਰ ਸੁਧਾਰ ਟਰੱਸਟ, ਬਠਿੰਡਾ ਵੱਲੋਂ ਵੀ ਇਸ ਗਲੀ ਵਿੱਚ ਆਪਣੀ ਕਾਰੋਬਾਰੀ ਮਾਰਕੀਟ ਦੇ ਐਸ.ਸੀ.ਓ. ਵਾਸਤੇ ਪਲਾਟ ਵੇਚੇ ਹੋਏ ਹਨ। ਇਹ ਗਲੀ ਸਿਰਕੀ ਬਾਜਾਰ ਤੋਂ ਬਾਅਦ ਵਿੱਚ ਆਉਂਦੀ ਹੈ ਅਤੇ ਸਿਰਕੀ ਬਾਜਾਰ ਦੇ ਬਹੁਤ ਸਾਰੇ ਸ਼ੋ-ਰੂਮਾਂ ਦੀ ਓਪਨਿੰਗ ਇਸ ਗਲੀ ਵਾਲੇ ਪਾਸੇ ਮੁੱਢ ਕਦੀਮਾ ਤੋਂ ਹੀ ਕੀਤੀ ਹੋਈ ਹੈ। ਇਸ ਗਲੀ ਦੇ ਵਸਨੀਕ ਡਾ: ਵਿਤੁਲ ਕੇ. ਗੁਪਤਾ ਜੀ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਇੱਕ ਕੇਸ ਸੀ.ਡਬਲਿਊ.ਪੀ. 607 ਆਫ 2006 ਕੀਤਾ ਹੋਇਆ ਸੀ, ਜਿਸ ਵਿੱਚ ਨਗਰ ਨਿਗਮ ਨੂੰ ਯੋਗ ਕਾਰਵਾਈ ਕਰਨ ਦੇ ਆਦੇਸ਼ ਹੋਏ ਸਨ। ਸਮਾਂ ਬੀਤ ਜਾਣ ਉਪਰੰਤ ਵੀ ਨਗਰ ਨਿਗਮ ਵੱਲੋਂ ਚੱਲ ਰਹੇ ਅਣ-ਅਧਿਕਾਰਤ ਅਦਾਰਿਆਂ ਵਿਰੁੱਧ ਕਾਰਵਾਈ ਨਾ ਕਰਕੇ, ਗਲੀ ਦੇ ਵਸਨੀਕ ਡਾ: ਵਿਤੁਲ ਕੇ ਗੁਪਤਾ ਜੀ ਵੱਲੋਂ ਨਗਰ ਨਿਗਮ ਦੇ ਵਿਰੁੱਧ ਮਾਨਯੋਗ ਹਾਈਕੋਰਟ ਵਿੱਚ ਕੰਟੈਂਪਟ ਆਫ ਕੋਰਟ ਆਫ ਪਟੀਸ਼ਨ 659 ਆਫ 2021 ਦਾਇਰ ਕੀਤੀ ਗਈ। ਜਿਸਤੇ ਪਟੀਸ਼ਨਰ ਨੂੰ ਨਾਲ ਲਿਜਾ ਕੇ ਜਿਹੜੇ ਅਦਾਰੇ ਕਾਰੋਬਾਰੀ ਮੰਤਵ ਵਾਸਤੇ ਅਣ-ਅਧਿਕਾਰਤ ਤਰੀਕੇ ਨਾਲ ਚੱਲ ਰਹੇ ਸਨ ਨੂੰ ਨਗਰ ਨਿਗਮ ਬਠਿੰਡਾ ਵੱਲੋਂ ਖਾਲੀ ਕਰਵਾ ਕੇ ਸੀਲ ਕਰ ਦਿੱਤਾ ਗਿਆ ਸੀ। ਮਿਤੀ 22.08.2024 ਨੂੰ ਮਾਨਯੋਗ ਜਸਟਿਸ ਜੀ ਵੱਲੋਂ ਇਹ ਕੇਸ ਡਿਸਮਿਸ ਕਰ ਦਿੱਤਾ ਗਿਆ, ਕਿਉਂ ਜੋ ਪਟੀਸ਼ਨਰ ਦੇ ਵਕੀਲ ਵੱਲੋਂ ਮਾਨਯੋਗ ਅਦਾਲਤ ਵਿੱਚ ਇਹ ਸਟੇਟਮੈਂਟ ਦਿੱਤੀ ਕਿ "ਉਹ ਇਸ ਸੀ..ਓ.ਸੀ.ਪੀ. ਤੇ ਹੋਰ ਕਾਰਵਾਈ ਨਹੀਂ ਕਰਵਾਉਣਾ ਚਾਹੁੰਦਾ"।

ਹੁਣ ਮੁੱਹਲਾ ਨਿਵਾਸੀਆਂ ਵੱਲੋਂ ਮਾਨਯੋਗ ਐਕਟਿੰਗ ਮੇਅਰ ਨਗਰ ਨਿਗਮ ਬਠਿੰਡਾ ਜੀ ਪਾਸ ਇਹ ਬੇਨਤੀ ਕੀਤੀ ਹੈ ਕਿ ਇਸ ਅਫੀਮ ਵਾਲੀ ਗਲੀ ਨੂੰ ਕੋਰ ਏਰੀਆ ਹੋਣ ਕਰਕੇ ਕਾਰੋਬਾਰੀ ਘੋਸ਼ਿਤ ਕੀਤਾ ਜਾਵੇ, ਬਾਰੇ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਗਲੀ ਬਠਿੰਡਾ ਸ਼ਹਿਰ ਦੀ ਸੱਭ ਤੋਂ ਪੁਰਾਣੀ ਗਲੀ ਹੈ ਅਤੇ ਕੋਰ ਏਰੀਏ ਅਧੀਨ ਆਉਂਦੀ ਹੈ। ਕੋਰ ਏਰੀਆ ਦੀ ਪਰਿਭਾਸ਼ਾ "Urban cores are defined as areas that have high population densities (7500 or per square mile or 2900 per square kilomiter or more) and high transit, walking and cycling work trip market shares (20 percent or more). Urban cores also include non-exurban sectors with median house construction" ਅਨੁਸਾਰ ਇਸ ਗਲੀ ਵਿੱਚ ਕਾਰੋਬਾਰੀ ਅਦਾਰੇ ਆਗਿਆ ਯੋਗ ਕੀਤੇ ਜਾ ਸਕਦੇ ਹਨ। ਪ੍ਰੰਤੂ ਜੇਕਰ ਮਾਨਯੋਗ ਜਨਰਲ ਹਾਊਸ ਇਸਦੀ ਪ੍ਰਵਾਨਗੀ ਦੇ ਦਿੰਦਾ ਹੈ। ਸੋ ਮਿਸਲ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮਾਨਯੋਗ ਜਨਰਲ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| ਮਤਾ ਨੰਬਰ 367 | ਪ੍ਰਵਾਨ ਹੈ। |
|---|---|

**ਏਜੰਡਾ ਨੰਬਰ 14:**

ਰਿਪੋਰਟ ਵਰਕਸ ਸ਼ਾਖਾ ਕਿ Const. of Multipurpose Auditorium at Rose Garden ਦਾ ਕੰਮ Vindhya Telelinks Firm ਨੂੰ ਇਸ ਦਫਤਰ ਦੇ ਵਰਕ ਆਰਡਰ ਨੰਬਰ 199/ਵ ਮਿਤੀ 11.10.2021 ਰਾਹੀਂ ਜਾਰੀ ਕੀਤਾ ਗਿਆ ਹੈ। ਇਹ ਕੰਮ ਜਲਦ ਮੁਕੰਮਲ ਹੋਣ ਵਾਲਾ ਹੈ। ਇਸ ਕੰਮ ਦੇ ਪਾਸ ਹੋਏ ਤਖਮੀਨੇ ਵਿੱਚ ਆਡੀਟੋਰੀਅਮ ਦੇ ਇਲੈਕਟਰੋਨਿਕ ਸਮਾਨ ਲਈ ਤਜਵੀਜਤ ਨਹੀਂ ਕੀਤੀ ਗਈ ਸੀ। ਇਸ ਆਡੀਟੋਰੀਅਮ ਵਿੱਚ ਵੀ.ਆਈ.ਪੀ. ਲਈ ਵੱਖ-ਵੱਖ ਕਮਰੇ ਬਣਾਏ ਗਏ ਹਨ ਅਤੇ ਇਹਨਾਂ ਕਮਰਿਆਂ ਵਿੱਚ ਮੁੱਖ ਮਹਿਮਾਨਾਂ ਦੀ ਸੁਵਿਧਾ ਲਈ ਇਲੈਕਟਰੋਨਿਕ ਸਮਾਨ ਆਦਿ ਦੀ ਜਰੂਰਤ ਹੈ। ਇਹ ਆਡੀਟੋਰੀਅਮ ਲੋਕ ਐਂਡ ਕੀ ਪ੍ਰੋਜੈਕਟ ਤੇ ਬਣਾਇਆ ਜਾਣਾ ਹੈ

ਅਤੇ ਇਸ ਆਡੀਟੋਰੀਅਮ ਵਿੱਚ ਹਰੇਕ ਤਰ੍ਹਾਂ ਦੀ ਸੁਵਿਧਾ ਲਈ ਇਲੈਕਟਰੋਨਿਕ ਸਮਾਨ ਜਰੂਰੀ ਹੈ। ਉਕਤ ਅਨੁਸਾਰ ਗੈਸਟ ਹਾਊਸ ਲਈ ਇਲੈਕਟਰੋਨਿਕ ਸਮਾਨ ਦੀ ਖਰੀਦ ਕਰਨ ਲਈ ਮਾਰਕੀਟ ਰੇਟਾਂ ਤੇ ਕੁਟੈਸ਼ਨਾਂ ਪ੍ਰਾਪਤ ਕੀਤੀਆਂ ਗਈਆਂ ਹਨ। ਇੰਨ੍ਹਾਂ ਮਾਰਕੀਟ ਕੁਟੈਸ਼ਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| Sr. No. | Item | Nos. | Panav Const. Company | Mittal Enterprises | Lovely TV Centre | Total Amount as per Lowest Quotation Rates |
|---|---|---|---|---|---|---|
| 1 | AC 2 Ton | 5 | 44700 | 45500 | 44900 | 223500 |
| 2 | AC 1.5 Ton | 4 | 38500 | 39000 | 40500 | 154000 |
| 3 | Samsung LED 55” | 4 | 55900 | 56800 | 56400 | 223600 |
| 4 | Geyser 25 Ltr. | 9 | 7750 | 8100 | 7990 | 69750 |
| 5 | Oil Heater | 4 | 9600 | 10100 | 9990 | 38400 |
| 6 | Refrigerator 215-235 ltr | 3 | 22200 | 22600 | 22900 | 66600 |
| 7 | Stablizer | 3 | 2350 | 2550 | 2500 | 7050 |
| 8 | RO 8.5 Ltr. | 3 | 11100 | 12000 | 11500 | 33300 |
| 9 | Water Dispenser | 6 | 7500 | 8000 | 9000 | 45000 |
| 10 | Electrical Cattle | 9 | 2500 | 3000 | 3200 | 22500 |
| 11 | AC Stablizer | 9 | 2500 | 3000 | 3200 | 22500 |
| | Total | | | | | 906200 |

ਉਕਤ ਅਨੁਸਾਰ ਇਲੈਕਟਰੋਨਿਕਸ ਸਮਾਨ ਖਰੀਦਣ ਲਈ ਪ੍ਰਾਪਤ ਹੋਈ ਕੰਪਨੀ/ਫਰਮ Panav Const. Company ਦੇ ਸੱਭ ਤੋਂ ਘੱਟ ਰੇਟ ਪ੍ਰਾਪਤ ਹੋਏ ਹਨ। ਕਿਉਂ ਜੋ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਆਡੀਟੋਰੀਅਮ ਦਾ ਉਦਘਾਟਨ 25.10.2024 ਨੂੰ ਕਰਨ ਲਈ ਕਿਹਾ ਜਾ ਰਿਹਾ ਹੈ। ਇਸ ਲਈ ਇਹ ਕੰਮ ਅਤਿ ਜਰੂਰੀ ਹੈ। ਇਸ ਲਈ Panav Const.Company ਵੱਲੋਂ ਪ੍ਰਾਪਤ ਹੋਏ ਰੇਟਾਂ ਦੇ ਆਧਾਰ ਤੇ ਜੈਮ ਪੋਰਟਲ ਤੇ ਉਕਤ ਇਲੈਕਟੋਰਨਿਕ ਸਮਾਨ ਖਰੀਦ ਕਰਨ ਲਈ ਪ੍ਰਸ਼ਾਸਕੀ ਪ੍ਰਵਾਨਗੀ ਦੀ ਪੂਰਵ ਆਸ ਵਿੱਚ ਪੇਸ਼ ਹੈ ਜੀ।

ਉਕਤ ਸਬੰਧੀ ਕਾਰਜਕਾਰੀ ਮੇਅਰ ਜੀ ਵੱਲੋਂ ਮਿਤੀ 24.10.2024 ਨੂੰ ਹਾਊਸ ਤੋਂ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ ਹੈ। ਕੇਸ ਹਾਊਸ ਦੀ ਜਾਣਕਾਰੀ ਹਿੱਤ ਪੇਸ਼ ਹੈ ਜੀ।

| | |
|---|---|
| ਮਤਾ ਨੰਬਰ 368 | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਗਿਆ ਕਿ ਆਡੀਟੋਰੀਅਮ ਦੇ ਬਾਹਰ ਨਵਾਂ ਫੂਹਾਰਾ ਲਗਾਇਆ ਜਾਵੇ ਅਤੇ ਇਸਦੇ ਨਜ਼ਦੀਕ ਸਮੂਹ ਕੌਂਸਲਰ ਸਾਹਿਬਾਨ ਦੇ ਨਾਮ ਦਾ ਬੋਰਡ ਵੀ ਲਗਾਇਆ ਜਾਵੇ। ਨਵਾਂ ਫੂਹਾਰਾ ਅਤੇ ਬੋਰਡ ਲਗਾਉਣ ਤੇ ਆਉਣ ਵਾਲੇ ਖਰਚੇ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।** |

**ਏਜੰਡਾ ਨੰਬਰ 15:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਦੇ ਮਤਾ ਨੰਬਰ 180 ਮਿਤੀ 20.03.2023 (Contempt case CM NO. 76 of 2021 Ram Kumar V/s. Municipal Corporation Bathinda) ਸਬੰਧੀ ਟੀ.ਪੀ. ਸਕੀਮ ਨੰਬਰ 15 ਵਿੱਚ ਪੈਂਦੇ 500 ਵ: ਗਜ਼ ਦੇ ਪਲਾਟ ਸ੍ਰੀ ਰਾਮ ਕੁਮਾਰ ਸਬੰਧੀ ਪੱਤਰ ਨੰਬਰ 1940 ਮਿਤੀ 26.07.2024 ਰਾਹੀਂ ਪਬਲਿਕ ਨੋਟਿਸ ਦੀ ਪ੍ਰਕਾਸ਼ਨਾ ਕਰਵਾਉਣ ਸਬੰਧੀ ਦੈਨਿਕ ਭਾਸਕਰ ਅਤੇ ਜਗਬਾਣੀ ਅਖਬਾਰ ਵਿੱਚ ਦਿੱਤਾ ਗਿਆ ਸੀ। ਜਿਸ ਦੀ ਪ੍ਰਕਾਸ਼ਨਾ ਮਿਤੀ 31.07.2024 ਨੂੰ ਅਖਬਾਰਾਂ ਵਿੱਚ ਹੋ ਚੁੱਕੀ ਹੈ। ਸੋ 30 ਦਿਨ ਦਾ ਸਮਾਂ ਬੀਤਣ ਤੇ ਇਸ ਸਬੰਧੀ ਕੋਈ ਇਤਰਾਜ਼/ਸੁਝਾਅ ਪ੍ਰਾਪਤ ਨਹੀਂ ਹੋਇਆ। ਸੋ ਇਸ ਟੀ.ਪੀ. ਸਕੀਮ ਦੀ ਅਮੈਂਡਮੈਂਟ/ ਨੋਟੀਫਿਕੇਸ਼ਨ ਕਰਵਾਉਣ ਵਾਸਤੇ ਕੇਸ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| ਮਤਾ ਨੰਬਰ 369 | **ਪ੍ਰਵਾਨ ਹੈ।** |

**ਏਜੰਡਾ ਨੰਬਰ 16:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਸ੍ਰੀ ਵਜੀਰ ਸਿੰਘ ਦੀ ਜਗ੍ਹਾ ਗੁਰੂਕੁੱਲ ਰੋਡ ਤੇ ਖਸਰਾ ਨੰਬਰ 4929 ਪੱਤੀ ਝੁੱਟੀ ਅਤੇ ਖਸਰਾ ਨੰਬਰ 4928 ਪੱਤੀ ਮਹਿਣਾ ਅਧੀਨ 40220 ਵਰਗ ਗਜ਼ ਜਾਂ 8.31 ਏਕੜ ਦੀ ਮਾਲਕੀ ਹੈ।

ਇਹ ਰਕਬਾ ਨਗਰ ਨਿਗਮ ਬਠਿੰਡਾ ਵੱਲੋਂ ਪ੍ਰਵਾਨਤ ਸਕੀਮ ਨੰਬਰ 15 ਅਧੀਨ ਪੈਂਦਾ ਹੈ। ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 275(2) ਅਧੀਨ ਪਲਾਟ ਦੇ ਰਕਬੇ ਦੇ ਮਾਲਕ ਵੱਲੋਂ ਲੋਕਾਂ ਦੇ ਹਿੱਤ ਵਾਸਤੇ ਆਪਣੀ ਮਾਲਕੀ ਵਿੱਚੋਂ ਸੜ੍ਹਕਾਂ, ਪਾਰਕਾਂ ਲਈ 25% ਰਕਬਾ ਬਿਨ੍ਹਾ ਮੁਆਵਜਾ ਦੇਣਾ ਹੁੰਦਾ ਹੈ। ਪਰੰਤੂ ਇਸ ਕੇਸ ਵਿੱਚ ਸ਼੍ਰੀ ਵਜੀਰ ਸਿੰਘ ਵੱਲੋਂ ਦਿੱਤੇ ਬੇਨਤੀ ਪੱਤਰ ਅਨੁਸਾਰ ਜਨਤਕ ਹਿੱਤਾਂ ਵਾਸਤੇ ਰਕਬਾ 34% ਲਿਆ ਗਿਆ ਹੈ ਅਤੇ ਮਾਲਕ ਸ਼੍ਰੀ ਵਜੀਰ ਸਿੰਘ ਵੱਲੋਂ 9% ਵਾਧੂ ਦਿੱਤੇ ਰਕਬੇ ਭਾਵ 3620 ਵਰਗ ਗਜ਼ ਦੇ ਮੁਆਵਜੇ ਦੀ ਮੰਗ ਕੀਤੀ ਹੈ।

ਉਕਤ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਸ਼੍ਰੀ ਵਜੀਰ ਸਿੰਘ ਵਾਲੀ ਪ੍ਰਾਪਰਟੀ ਦਾ ਰਕਬਾ ਗੁਰੂਕੁੱਲ ਰੋਡ ਤੇ ਹੈ ਅਤੇ ਇਸ ਆਬਾਦੀ ਵਾਲੇ ਪਾਸੇ ਘੱਟ ਤੋਂ ਘੱਟ ਕੂਲੈਕਟਰ ਰੇਟ 10,000/- ਰੁਪਏ ਪ੍ਰਤੀ ਵਰਗ ਗਜ਼ ਹੈ। ਇਸ ਤਰ੍ਹਾ ਨਗਰ ਨਿਗਮ ਨੂੰ ਤਕਰੀਬਨ 3.62 ਕਰੋੜ ਰੁਪਏ ਦੀ ਦੇਣਦਾਰੀ ਹੋ ਸਕਦੀ ਹੈ। ਕਿਉਂ ਜੋ ਇਸ ਬਾਰੇ ਮਾਨਯੋਗ ਵੱਖ-ਵੱਖ ਉੱਚ ਅਦਾਲਤਾਂ ਵੱਲੋਂ ਵੀ ਫੈਸਲੇ ਕੀਤੇ ਜਾ ਚੁੱਕੇ ਹਨ ਕਿ ਜਨਤਕ ਰਕਬਾ ਜੇਕਰ 25% ਤੋਂ ਵੱਧ ਲਿਆ ਜਾਂਦਾ ਹੈ ਤਾਂ ਉਸ ਦਾ ਮੁਆਵਜਾ ਪ੍ਰਾਈਜ਼ ਫਿਕਸੇਸ਼ਨ ਕਮੇਟੀ ਪਾਸੋਂ ਫਿਕਸ ਕਰਵਾ ਕੇ ਪਲਾਟ ਧਾਰਕ ਨੂੰ ਦਿੱਤਾ ਜਾਵੇਗਾ। ਇਸ ਵਾਸਤੇ ਬਤੌਰ ਤਕਨੀਕੀ ਅਧਿਕਾਰੀ ਹੋਣ ਦੇ ਨਾਤੇ ਇਹ ਤਜਵੀਜ ਕੀਤਾ ਜਾਂਦਾ ਹੈ ਕਿ ਮੌਕੇ ਤੇ ਇਹ ਸਾਰਾ 40 ਹਜ਼ਾਰ ਵਰਗ ਗਜ਼ ਰਕਬਾ ਬਿਲਕੁੱਲ ਖਾਲੀ ਹੈ ਅਤੇ ਕਿਸੇ ਤਰ੍ਹਾਂ ਦੀ ਕੋਈ ਪਲਾਨਿੰਗ ਨਹੀਂ ਹੋਈ। ਇਸ ਕਰਕੇ ਉਚਿਤ ਹੋਵੇਗਾ ਕਿ ਇਸ ਦੀ ਪਲੈਨਿੰਗ ਮੁੜ੍ਹ ਤੋਂ ਨੱਥੀ ਨਕਸ਼ੇ ਅਨੁਸਾਰ ਤਿਆਰ ਕਰਕੇ ਸਕੀਮ ਸਰਕਾਰ ਪਾਸੋਂ ਡੀਮੋਡੂਲੇਟ ਕਰਵਾ ਲਈ ਜਾਵੇ। ਪੀ.ਐਮ.ਸੀ. ਐਕਟ 1976 ਦੀ ਧਾਰਾ 275 ਅਧੀਨ ਅਜਿਹੀ ਰੀਮੋਡੂਲੇਸ਼ਨ ਵਾਸਤੇ ਕਾਰਪੋਰੇਸ਼ਨ ਅਧਿਕਾਰਤ ਹੈ। ਸੋ ਮਿਸਲ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮਾਨਯੋਗ ਜਨਰਲ ਹਾਊਸ (ਕਾਰਪੋਰੇਸ਼ਨ) ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 370** | **ਪਾਸ ਕੀਤਾ ਜਾਂਦਾ ਹੈ ਕਿ ਜਗ੍ਹਾ ਦਾ ਸੜ੍ਹਕਾਂ, ਪਾਰਕਾਂ ਲਈ 25% ਰਕਬਾ ਬਿਨ੍ਹਾਂ ਮੁਆਵਜਾ ਲਿਆ ਜਾਵੇ।** |

<u>ਏਜੰਡਾ ਨੰਬਰ 17 :</u>

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰ. ਵ/ਸ ਅਤੇ ਸੀਵਰੇਜ਼ ਮੰਡਲ ਨੰ: 1 ਬਠਿੰਡਾ ਦੇ ਪੱਤਰ ਨੰਬਰ 5135 ਮਿਤੀ 12.09.2024 ਰਾਹੀਂ Estimate for Comprehensive Maintenance Charges & Servr Renewable and Replacement of OCEMS Components on 52 MLD STP at Bathinda Distt. Bathinda ਸਬੰਧੀ ਕੰਮ ਦਾ ਤਖਮੀਨਾ ਮੁਬਲਿਗ 2.93 ਲੱਖ ਰੁਪਏ ਦਾ ਪ੍ਰਾਪਤ ਹੋਇਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਮਾਨਯੋਗ ਹਾਊਸ ਤੋਂ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 371** | **ਪ੍ਰਵਾਨ ਹੈ।** |

<u>ਏਜੰਡਾ ਨੰਬਰ 18 :</u>

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਮੰਡਲ ਨੰ: 3 ਬਠਿੰਡਾ ਦੇ ਪੱਤਰ ਨੰਬਰ 5012 ਮਿਤੀ 24.09.2024 ਰਾਹੀਂ Rough Cost estimate for De-silting & Clearing of Main and Branch Sewer Lines for EWS Quarters (25 sq. yds) at Power House Road, Bathinda (Deposit Head) ਸਬੰਧੀ ਕੰਮ ਦਾ ਤਖਮੀਨਾ ਮੁਬਲਿਗ 3.58 ਲੱਖ ਰੁਪਏ ਦਾ ਪ੍ਰਾਪਤ ਹੋਇਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਮਾਨਯੋਗ ਹਾਊਸ ਤੋਂ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 372** | **ਪ੍ਰਵਾਨ ਹੈ।** |

<u>ਏਜੰਡਾ ਨੰਬਰ 19 :</u>

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਉਪ ਮੰਡਲ ਇੰਜੀਨੀਅਰ, ਵ/ਸ ਅਤੇ ਸੈਨੀਟੇਸ਼ਨ ਉਪ ਮੰਡਲ ਨੰਬਰ 2 ਬਠਿੰਡਾ ਦੇ ਪੱਤਰ ਨੰਬਰ 1486 ਮਿਤੀ 12.09.2024 ਰਾਹੀਂ ਲਿਖਿਆ ਹੈ ਕਿ "ਸਰਕਾਰੀ ਰਾਜਿੰਦਰਾ ਕਾਲਜ (ਹਾਕੀ ਸਟੇਡੀਅਮ) ਬਠਿੰਡਾ ਵਿਖੇ ਬਣੇ ਪੀ.ਆਈ.ਐਸ. ਅਕੈਡਮੀ ਦਾ ਰੈਜ਼ੀਡੈਂਸ਼ਲ ਵਿੰਗ ਚੱਲ ਰਿਹਾ ਹੈ। ਇਸ ਵਿੱਚ ਤਕਰੀਬਨ 100 ਖਿਡਾਰਨਾਂ ਅਤੇ ਬਾਕੀ ਲੋਕਲ ਖਿਡਾਰੀਆਂ ਵੱਲੋਂ ਸਵੇਰੇ ਸ਼ਾਮ ਹਾਕੀ ਖੇਡ ਦੀ ਪ੍ਰੈਕਟਿਸ ਕੀਤੀ ਜਾਂਦੀ ਹੈ ਅਤੇ ਆਮ ਪਬਲਿਕ ਵੀ ਸਵੇਰੇ ਸ਼ਾਮ ਸੈਰ ਕਰਨ ਲਈ ਆਉਂਦੇ ਹਨ। ਹਾਕੀ ਸਟੇਡੀਅਮ ਵਿੱਚ ਪੀਣ ਵਾਲੇ ਪਾਣੀ ਦਾ

ਪ੍ਰਬੰਧ ਨਾ ਹੋਣ ਕਾਰਨ ਮੁਸ਼ਕਿਲ ਪੇਸ਼ ਆਉਂਦੀ ਸੀ। ਪਰੰਤੂ ਆਪਜੀ ਦੇ ਹੁਕਮਾਂ ਅਨੁਸਾਰ ਅਤੇ ਜਿਲ੍ਹਾ ਖੇਡ ਅਫਸਰ, ਬਠਿੰਡਾ ਦੀ ਪ੍ਰਤੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਇਸ ਦਫਤਰ ਵੱਲੋਂ ਹਾਕੀ ਸਟੇਡੀਅਮ ਵਿੱਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਵਾ ਦਿੱਤਾ ਗਿਆ ਹੈ। ਮੌਕੇ ਤੇ ਹੋਏ ਕੰਮ ਅਨੁਸਾਰ ਲੱਗੀ ਲਾਗਤ ਦਾ ਤਖਮੀਨਾ ਬਣਾ ਕੇ ਭੇਜਿਆ ਜਾਂਦਾ ਹੈ। ਕ੍ਰਿਪਾ ਕਰਕੇ ਤਖਮੀਨੇ ਮੁਤਾਬਿਕ ਇਸ ਦਫਤਰ ਨੂੰ ਫੰਡ ਮੁੱਹਈਆ ਕਰਵਾਏ ਜਾਣ ਤਾਂ ਜੋ ਉਕਤ ਕੰਮ ਦੀ ਬਣਦੀ ਅਦਾਇਗੀ ਠੇਕੇਦਾਰ/ਏਜੰਸੀ ਨੂੰ ਕੀਤੀ ਜਾ ਸਕੇ।

ਉਕਤ ਅਨੁਸਾਰ ਹਵਾਲੇ ਅਧੀਨ ਪੱਤਰ ਰਾਹੀਂ ਤਖਮੀਨਾ ਮੁਬਲਿਗ 2,48,005/- ਰੁਪਏ ਦਾ ਪ੍ਰਾਪਤ ਹੋਇਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਮਾਨਯੋਗ ਹਾਊਸ ਤੋਂ ਤਖਮੀਨੇ ਦੀ ਪ੍ਰਵਾਨਗੀ ਹਾਸਲ ਕਰਨ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 373** | **ਪ੍ਰਵਾਨ ਹੈ।** |

ਏਜੰਡਾ ਨੰਬਰ 20 :

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਪੱਤਰ ਨੰਬਰ WSSD-BR2013/169/2023-4BR2/897151 ਮਿਤੀ 02.08.2024 ਰਾਹੀਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ ਸਰਕਾਰ (ਇਮਾਰਤਾਂ ਅਤੇ ਸੜ੍ਹਕਾਂ-2 ਸ਼ਾਖਾ) ਵੱਲੋਂ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਨੂੰ ਪਾਸੋਂ ਤਰ ਨੰਬਰ ਸ3-ਡਸਸ-ਮਸਸ-2024/57204 ਮਿਤੀ 16.10.2024 ਪ੍ਰਾਪਤ ਹੋਇਆ ਹੈ, ਜਿਸ ਵਿੱਚ ਉਹਨਾਂ ਵੱਲੋਂ "ਭਾਗੂ ਰੋਡ ਬਠਿੰਡਾ ਵਿਖੇ ਸਥਿਤ ਪੰਜਾਬ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਵਾਟਰ ਵਰਕਸ ਨੂੰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਤਬਦੀਲ ਕਰਨ ਦੀ ਬੇਨਤੀ ਕੀਤੀ ਹੈ"।

ਉਕਤ ਵਾਟਰ ਵਰਕਸ ਨੂੰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਤਬਦੀਲ ਕਰਨ ਲਈ ਕੇਸ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 374** | **ਰੱਦ ਕੀਤਾ ਜਾਂਦਾ ਹੈ।** |

ਏਜੰਡਾ ਨੰਬਰ 21:

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਮੰਡਲ ਨੰ: 3 ਬਠਿੰਡਾ ਦੇ ਪੱਤਰ ਨੰਬਰ 4722 ਮਿਤੀ 30.08.2024 ਰਾਹੀਂ ਸਲਾਨਾ ਦੇਖਭਾਲ ਦਾ ਤਖਮੀਨਾ ਬਾਬਤ ਜਲ ਸਪਲਾਈ ਅਤੇ ਜਲ ਨਿਕਾਸ ਇਨ ਅਰਬਨ ਅਸਟੇਟ ਫੇਸ-ਪਹਿਲਾ ਅਤੇ ਦੂਜਾਂ ਅਤੇ ਤੀਜਾ (ਸਮੇਤ 25 ਗਜ਼ ਏਰੀਆ) ਬਠਿੰਡਾ (ਬਾਬਤ ਸਾਲ 2023-24) ਦਾ 300.38 ਲੱਖ ਰੁਪਏ ਦਾ ਪ੍ਰਾਪਤ ਹੋਇਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਮਾਨਯੋਗ ਹਾਊਸ ਤੋਂ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 375** | **ਪ੍ਰਵਾਨ ਹੈ।** |

ਏਜੰਡਾ ਨੰਬਰ 22:

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰ. ਵ/ਸ ਅਤੇ ਸੀਵਰੇਜ਼ ਮੰਡਲ ਨੰ: 1 ਬਠਿੰਡਾ ਦੇ ਪੱਤਰ ਨੰਬਰ 5001 ਮਿਤੀ 05.09.2024 ਰਾਹੀਂ Estimate for Laying of UPVC Pipe Sewer line in Veer Colony Near Udang Cinema at Bathinda ਸਬੰਧੀ ਕੰਮ ਦਾ ਤਖਮੀਨਾ ਮੁਬਲਿਗ 12.03 ਲੱਖ ਰੁਪਏ ਦਾ ਪ੍ਰਾਪਤ ਹੋਇਆ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਮਾਨਯੋਗ ਹਾਊਸ ਤੋਂ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 376** | **ਪ੍ਰਵਾਨ ਹੈ।** |

ਏਜੰਡਾ ਨੰਬਰ 23 :

ਦਫਤਰੀ ਰਿਪੋਰਟ ਕਿ ਨਗਰ ਨਿਗਮ ਵੱਲੋਂ ਪੈਟਰੋਲ ਅਤੇ ਡੀਜ਼ਲ ਦੀ ਸਪਲਾਈ ਲੈਣ ਲਈ ਮਿਤੀ 16.08.2024 ਨੂੰ ਟੈਂਡਰ ਮੰਗੇ ਗਏ ਸਨ। ਇਸ ਤਹਿਤ ਦੋ ਫਰਮਾਂ ਮੈਸ: ਕੁਸ਼ਲਿਆ ਫਿਲਿੰਗ ਸਟੇਸ਼ਨ ਅਤੇ ਮਾਲਵਾ ਮੋਟਰਜ਼, ਬਠਿੰਡਾ ਵੱਲੋਂ ਆਪਣੇ ਰੇਟ ਦਿੱਤੇ ਗਏ ਸਨ। ਇਹਨਾਂ ਦਿੱਤੇ ਗਏ ਰੇਟਾਂ ਅਨੁਸਾਰ ਕੁਸ਼ਲਿਆ ਫਿਲਿੰਗ ਸਟੇਸ਼ਨ, ਬਠਿੰਡਾ ਐਲ-1 ਫਰਮ ਬਣਦੀ ਸੀ। ਇਸ ਸਬੰਧੀ ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 04.09.2024 ਦੇ ਮਤਾ

ਨੰਬਰ 698 ਰਾਹੀਂ ਫੈਸਲਾ ਕੀਤਾ ਗਿਆ ਸੀ ਕਿ “ਕਿਉਂ ਜੋ ਇਸ ਮੱਦ ਸਬੰਧੀ ਪਹਿਲਾਂ ਹੀ ਵਿਜ਼ੀਲੈਂਸ ਇਨਕੁਆਰੀ ਚੱਲ ਰਹੀ ਹੈ। ਇਸਤੋਂ ਇਲਾਵਾ ਇਸ ਸਬੰਧੀ ਕੇਸ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਵੀ ਪੈਂਡਿੰਗ ਹੈ। ਇਸ ਲਈ ਯੋਗ ਹੋਵੇਗਾ ਕਿ ਮੈਸ: ਕੁਸ਼ਲਿਆ ਫਿਲਿੰਗ ਸਟੇਸ਼ਨ ਤੋਂ ਤੇਲ ਦੀ ਸਪਲਾਈ ਲੈਣ ਤੋਂ ਪਹਿਲਾਂ ਵਿਜ਼ੀਲੈਂਸ ਵਿਭਾਗ ਪਾਸੋਂ ਰਹਿਬਰੀ ਲੈ ਲਈ ਜਾਵੇ। ਉਸ ਸਮੇਂ ਤੱਕ ਤੇਲ ਦੀ ਸਪਲਾਈ ਪਹਿਲਾਂ ਤੋਂ ਲਏ ਜਾ ਰਹੇ ਸਰਕਾਰੀ ਪੈਟਰੋਲ ਪੰਪ ਤੋਂ ਹੀ ਲਈ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਂਡਿੰਗ ਰੱਖਿਆ ਜਾਂਦਾ ਹੈ”।

ਉਕਤ ਦੇ ਮੱਦੇ ਨਜ਼ਰ ਉਪ ਕਪਤਾਨ, ਵਿਜ਼ੀਲੈਂਸ ਵਿਭਾਗ, ਬਠਿੰਡਾ ਜੀ ਨੂੰ ਪੱਤਰ ਨੰਬਰ 2427 ਮਿਤੀ 12.09.2024 ਰਾਹੀਂ ਰਹਿਬਰੀ ਦੇਣ ਖਾਤਰ ਲਿਖਿਆ ਗਿਆ ਸੀ। ਪਰੰਤੂ ਅਜੇ ਤੱਕ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ।

ਅੱਜ ਮਿਤੀ 23.10.2024 ਨੂੰ ਕੁਸ਼ਲਿਆ ਫਿਲਿੰਗ ਸਟੇਸ਼ਨ, ਬਠਿੰਡਾ ਦੇ ਮਾਲਕ ਵੱਲੋਂ ਮਾਨਯੋਗ ਕਮਿਸ਼ਨਰ ਸਾਹਿਬ ਪਾਸ ਪੇਸ਼ ਹੋ ਕੇ ਦਰਖਾਸਤ ਰਾਹੀਂ ਬੇਨਤੀ ਕੀਤੀ ਕਿ ਉਸਦੀ ਫਰਮ ਐਲ-1 ਹੋਣ ਕਾਰਨ ਉਸਨੂੰ ਵਰਕ ਆਰਡਰ ਦਿੱਤਾ ਜਾਵੇ।

ਉਕਤ ਸਬੰਧੀ ਰਿਪੋਰਟ ਕੀਤੀ ਗਈ ਹੈ ਕਿ ਯੋਗ ਹੋਵੇਗਾ ਕਿ ਕੇਸ ਮੀਟਿੰਗ ਵਿੱਚ ਭੇਜ ਦਿੱਤਾ ਜਾਵੇ, ਤਾਂ ਜੋ ਉਸਤੇ ਵਿਚਾਰ ਕਰਦੇ ਹੋਏ ਯੋਗ ਫੈਸਲਾ ਲਿਆ ਜਾ ਸਕੇ । ਕੇਸ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 377** | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਗਿਆ ਕਿ ਪੈਟਰੋਲ ਪੰਪ ਤੇ ਵੱਖਰੇ ਤੋਰ ਤੇ ਸੀ.ਸੀ. ਟੀ.ਵੀ. ਕੈਮਰਿਆਂ ਦੀ ਨਿਗਰਾਨੀ ਹੇਠ ਹੀ ਨਿਗਮ ਦੇ ਕਿਸੇ ਵਹੀਕਲ ਵਿੱਚ ਤੇਲ ਪਾਇਆ ਜਾਵੇ ਅਤੇ ਇਸ ਸਬੰਧੀ ਤਕਰੀਬਨ 15 ਦਿਨਾਂ ਦਾ ਰਿਕਾਰਡ ਪੇਟਰੋਲ ਪੰਪ ਵੱਲੋਂ ਰੱਖਿਆ ਜਾਵੇ। ਨਿਗਮ ਵੱਲੋਂ ਇਸ ਸਬੰਧੀ ਕਿਸੇ ਵੀ ਸਮੇਂ ਚੈਕਿੰਗ ਕੀਤੀ ਜਾ ਸਕਦੀ ਹੈ। ਇਸਤੋਂ ਇਲਾਵਾ ਨਿਗਮ ਦੇ ਹਰ ਵਹੀਕਲ ਵਿੱਚ ਪਾਏ ਜਾਣ ਵਾਲੇ ਤੇਲ ਦਾ ਪੈਟਰੋਲ ਪੰਪ ਵੱਲੋਂ ਆਨਲਾਈਨ ਬਿੱਲ (ਈ-ਬਿੱਲ) ਜਾਰੀ ਕੀਤਾ ਜਾਵੇ। ਸਿਹਤ ਸ਼ਾਖਾ ਦੀ ਸਾਰੀ ਮਸ਼ੀਨਰੀ ਵਿੱਚ ਤੇਲ ਪਾਉਣ ਤੋਂ ਪਹਿਲਾਂ ਸਬੰਧਤ ਚੀਫ ਸੈਨਟਰੀ ਇੰਸਪੈਕਟਰ ਵੱਲੋਂ ਅਤੇ ਸਟਾਫ ਕਾਰਾਂ ਅਤੇ ਹੋਰ ਮਸ਼ੀਨਰੀ ਵਿੱਚ ਤੇਲ ਪਵਾਉਣ ਤੋਂ ਪਹਿਲਾਂ ਸਬੰਧਤ ਅਧਿਕਾਰੀ ਵੱਲੋਂ ਸਲਿਪ ਦਸਤਖਤ ਕਰਕੇ ਦਿੱਤੀ ਜਾਵੇਗੀ। ਪੈਟਰੋਲ ਪੰਪ ਵੱਲੋਂ ਜਾਰੀ ਈ-ਬਿੱਲ ਦੇ ਨਾਲ ਸਬੰਧਤ ਅਧਿਕਾਰੀਆਂ ਵੱਲੋਂ ਜਾਰੀ ਸਲਿਪ ਦੇਖਣ ਉਪਰੰਤ ਹੀ ਬਣਦੀ ਅਦਾਇਗੀ ਕੀਤੀ ਜਾਵੇ।ਇਸ ਸਲਿਪ ਵਿੱਚ ਗੱਡੀ ਨੰਬਰ, ਮਿਤੀ ਅਤੇ ਪਵਾਏ ਜਾਣ ਵਾਲੇ ਤੇਲ ਦੀ ਮਾਤਰਾ ਦਰਜ਼ ਕੀਤੀ ਜਾਵੇ।ਪਰਚੀ ਜਾਰੀ ਕਰਨ ਖਾਤਰ ਸਬੰਧਤ ਅਧਿਕਾਰੀਆਂ ਨੂੰ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਆਪਣੇ ਪੱਧਰ ਤੇ ਅਧਿਕਾਰਤ ਕੀਤਾ ਜਾਵੇ।** |

<u>ਏਜੰਡਾ ਨੰਬਰ 24 :</u>

ਦਫਤਰੀ ਰਿਪੋਰਟ ਕਿ ਮਿਤੀ 16.10.2024 ਨੂੰ ਨਗਰ ਨਿਗਮ ਬਠਿੰਡਾ ਦੇ ਕਾਰਜਕਾਰੀ ਮੇਅਰ - ਕਮ- ਸੀਨੀਅਰ ਡਿਪਟੀ ਮੇਅਰ ਸਾਹਿਬ ਵੱਲੋਂ ਬੁਲਾ ਕੇ ਕਿਹਾ ਗਿਆ ਕਿ ਨਗਰ ਨਿਗਮ ਬਠਿੰਡਾ ਦੇ ਵਿੱਚ ਜੋ ਗੈਰ ਪ੍ਰਾਂਤੀਕਰਨ ਆਸਾਮੀਆਂ ਹਨ, ਜੋ ਮੌਜੂਦਾ ਸਮੇਂ ਵਿੱਚ ਖਾਲੀ ਹਨ, ਉਹਨਾਂ ਦੀ ਨਗਰ ਨਿਗਮ ਹਾਊਸ ਵੱਲੋਂ ਭਰਤੀ ਕਰਨ ਲਈ ਕਿਹਾ ਹੈ।

ਗੈਰ ਪ੍ਰਾਂਤੀਕਰਨ ਆਸਾਮੀਆਂ ਦਾ ਵੇਰਵਾ ਹੇਠ ਅਨੁਸਾਰ ਹੈ ਜੀ:

| ਲੜੀ ਨੰ: | ਆਸਾਮੀਆਂ ਦਾ ਨਾਮ | ਪ੍ਰਵਾਨਤ ਆਸਾਮੀਆਂ | ਮੌਜੂਦਾ ਸਮਾਂ ਕੰਮ ਕਰਦੇ ਕਰਮਚਾਰੀ | ਖਾਲੀ ਆਸਾਮੀਆਂ |
|---|---|---|---|---|
| 1 | ਕਲੱਰਕ | 76 | 42 | 34 |
| 2 | ਸਟੈਨੋ ਟਾਇਪਿਸਟ | 03 | 00 | 03 |
| 3 | ਵਰਕਸ ਸੁਪਰਵਾਇਜ਼ਰ | 08 | 05 | 03 |
| 4 | ਡਰਾਈਵਰ | 29 | 13 | 16 |
| 5 | ਸੇਵਾਦਾਰ | 53 | 25 | 28 |
| 6 | ਮਾਲੀ | 69 | 23 | 46 |
| 7 | ਬੇਲਦਾਰ | 49 | 21 | 28 |

ਉਕਤ ਸਬੰਧੀ ਭਰਤੀ ਕਰਨ ਲਈ ਕੇਸ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 378** | **ਪੈਂਡਿੰਗ ਰੱਖਿਆ ਜਾਂਦਾ ਹੈ।** |

<u>ਏਜੰਡਾ ਨੰਬਰ 25:</u>

ਦਫਤਰੀ ਰਿਪੋਰਟ ਕਿ ਵੱਖ-ਵੱਖ ਕੌਂਸਲਰ ਸਾਹਿਬਾਨਾਂ ਨੇ ਵਿਧਾਨ ਸਭਾ ਦੀ ਤਰਜ਼ ਤੇ ਕੌਂਸਲਰ ਸਾਹਿਬਾਨਾਂ ਦੇ ਮਾਨ ਭੱਤੇ ਵਿੱਚ ਵਾਧਾ ਕਰਨ ਬਾਰੇ ਕਾਰਜਕਾਰੀ ਮੇਅਰ-ਕਮ-ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੂੰ ਦਿੱਤੀ ਗਈ ਦਰਖਾਸਤ ਮਿਤੀ 22.10.2024ਰਾਹੀਂ ਬੇਨਤੀ ਕੀਤੀ ਹੈ ਕਿ "ਅੱਜ ਦੇ ਦੌਰ ਵਿੱਚ ਮਹਿੰਗਾਈ ਬਹੁਤ ਵੱਧ ਗਈ ਹੈ। ਸਾਲ 2015 ਵਿੱਚ ਕੌਂਸਲਰ ਸਾਹਿਬਾਨਾਂ ਦਾ ਮਾਨ ਭੱਤਾ 12,000/- ਰੁਪਏ ਤੋਂ ਵਧਾ ਕੇ 17,000/- ਰੁਪਏ ਕੀਤਾ ਗਿਆ ਸੀ, ਜੋ ਕਿ ਅੱਜ ਦੀ ਮਹਿੰਗਾਈ ਨੂੰ ਦੇਖਦੇ ਹੋਏ ਬਹੁਤ ਘੱਟ ਹੈ। ਸ਼ਹਿਰ ਦਾ ਦਾਇਰਾ ਬਹੁਤ ਵੱਡਾ ਹੈ। ਜਿਸ ਕਾਰਨ ਕੌਂਸਲਰ ਸਾਹਿਬਾਨਾਂ ਦਾ ਪੈਟਰੋਲ/ਡੀਜ਼ਲ ਦਾ ਖਰਚਾ ਬਹੁਤ ਜਿਆਦਾ ਹੋ ਜਾਂਦਾ ਹੈ। ਲੋਕਾਂ ਵਿੱਚ ਤੁਰਨ ਫਿਰਨ ਦੇ ਰੁਝੇਵੇਂ ਕੌਂਸਲਰ ਸਾਹਿਬਾਨਾਂ ਦੇ ਵੱਧ ਚੁੱਕੇ ਹਨ। ਇਲਾਕੇ ਦੇ ਲੋਕਾਂ ਦੇ ਸਾਂਝੇ ਸਮਾਜਿਕ ਤੇ ਧਾਰਮਿਕ ਪ੍ਰੋਗਰਾਮਾਂ ਵਿੱਚ ਪਹੁੰਚ ਕੇ ਸਾਂਝੇ ਤੋਰ ਤੇ ਕੌਂਸਲਰਾਂ ਉੱਤੇ ਲੋਕਾਂ ਵੱਲੋਂ ਵੱਧ ਸਹਿਯੋਗ ਕਰਨ ਦਾ ਰੁਝਾਨ ਦਿਨੋ ਦਿਨ ਵੱਧ ਰਿਹਾ ਹੈ। ਜਿੱਥੇ ਇੱਕ ਕੌਂਸਲਰ ਹੋਣ ਦੇ ਨਾਤੇ ਸਾਨੂੰ ਲੋਕਾਂ ਦੇ ਦੁੱਖਾਂ ਸੁੱਖਾਂ ਵਿੱਚ ਕਈ ਵਾਰ ਮੈਡੀਕਲ ਸਹਾਇਤਾ ਆਪਣੀ ਜੇਬ ਵਿੱਚੋਂ ਵੀ ਦੇਣੀ ਪੈਂਦੀ ਹੈ। ਕਿਉਂਕਿ ਕੌਂਸਲਰ ਹੇਠਲੇ ਪੱਧਰ ਤੇ ਲੋਕਤੰਤਰ ਦਾ ਬਹੁਤ ਵੱਡਾ ਹਿੱਸਾ ਹੈ।

ਸੋ ਆਪਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਜਿੱਥੇ ਪੰਜਾਬ ਸਰਕਾਰ ਸੂਬਾ ਸਰਕਾਰ ਆਪਣੇ ਮੌਜੂਦਾ ਵਿਧਾਇਕਾਂ ਦੇ ਭੱਤਿਆਂ ਵਿੱਚ ਅਤੇ ਆਮ ਖਰਚਿਆਂ ਵਿੱਚ ਸਰਕਾਰੀ ਤੋਰ ਤੇ ਉਨ੍ਹਾਂ ਦੀਆਂ ਤਨਖਾਹਾਂ ਭੱਤੇ ਵਧਾ ਰਹੀ ਹੈ, ਉੱਥੇ ਅਸੀ ਪੰਜਾਬ ਦੇ ਸਮੂਹ ਕੌਂਸਲਰ ਸਾਹਿਬਾਨ ਮੰਗ ਕਰਦੇ ਹਾਂ ਕਿ ਸਾਡੀਆਂ ਉਕਤ ਸਮੱਸਿਆਂਵਾਂ ਧਿਆਨ ਵਿੱਚ ਰੱਖਦੇ ਹੋਏ ਸਾਡੇ ਤਨਖਾਹ ਮਾਨ ਭੱਤਿਆਂ ਵਿੱਚੋਂ ਵਾਧਾ ਕਰਕੇ ਘੱਟੋ-ਘੱਟ 45 ਹਜ਼ਾਰ ਰੁਪਏ ਕੀਤਾ ਜਾਵੇ ਅਤੇ ਇੱਕ ਕੌਂਸਲਰ ਦੇ ਰਿਟਾਇਰ ਹੋਣ ਤੇ ਉਸਨੂੰ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇ ਤੋਰ ਤੇ ਮਾਨਭੱਤਾ ਦੇਣ ਦਾ ਪ੍ਰਸਤਾਵ ਨਗਰ ਨਿਗਮ ਹਾਊਸ ਵਿੱਚੋਂ ਪਾਸ ਕਰਕੇ ਸਰਕਾਰ ਨੂੰ ਭੇਜਿਆ ਜਾਵੇ ਅਤੇ ਉਸਤੋਂ ਬਾਅਦ ਉਕਤ ਮਤਾ ਕੈਬਨਿਟ ਮੀਟਿੰਗ ਵਿੱਚ ਪਾਸ ਕਰਕੇ ਸਮੁੱਚੇ ਪੰਜਾਬ ਦੇ ਕੌਂਸਲਰ ਸਾਹਿਬਾਨਾਂ ਦੀ ਮੰਗ ਪੂਰੀ ਕੀਤੀ ਜਾਵੇ"।

ਉਕਤ ਸਬੰਧੀ ਬੇਨਤੀ ਹੈ ਕਿ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 6/13/2014-4LG1/504539/1 ਮਿਤੀ 09 ਜੂਨ 2015 ਅਤੇ ਅਮੈਂਡੇਡ ਨੋਟੀਫਿਕੇਸ਼ਨ ਨੰਬਰ 6/13/2014-4LG1 ਮਿਤੀ 18 ਦਸੰਬਰ 2015 ਰਾਹੀਂ ਹੇਠ ਲਿਖੇ ਅਨੁਸਾਰ ਮਾਨਭੱਤੇ ਕੌਂਸਲਰ ਸਾਹਿਬਾਨਾਂ ਨੂੰ ਦਿੱਤੇ ਜਾ ਰਹੇ ਹਨ:

| | | |
|---|---|---|
| 1. | Honorarium : | The Mayor, Senior Deputy Mayor and Deputy Mayor shall be entitled to an honorarium of Rs. 30,000/-, Rs. 24,000/- and Rs. 18,750/- per respectively. |
| 2. | Constituency Allowance: | The Mayor, Senior Depyt Mayor and Deputy Mayor shall be entitled to Constituency Allowance of Rs. 15,000/- per month. |
| 3. | Telephone Allowance: | The Senior Deputy Mayor and Deputy Mayor shall be entitled to Telephone Allowance of Rs. 2,000/- per month. |
| 4. | Meeting Allowance: | The Mayor, Senior Deputy Mayor and Deputy Mayor shall be entitled to receive daily allowance @ Rs. 500/- per day on which they attend any meeting of the Corporation or Committee thereof, subject to a maximum limit of Rs. 5,000/- per month. |
| 5. | Travelling Allowance for Mayor: | For official journey(s) outside the Municipal limits, the Mayor shall be entitled to Travelling and Daily allowance at the rates applicable to officers drawing the hghest scales of pay in the Government of Punjab. |
| 6. | Entertainment Expenditure for Mayor: | The Mayor shall be entitled to incur, at the expense of the Corporation, expenditure on official entertainment, upto an amount of Rs. 15000/- per month. |
| 7. | Telephone for Mayor: | The Mayor shall be entitled to the free use of a telephone in his office and residence and he shall |

| | | |
|---|---|---|
| | | not be charged for any official trunk calls and local calls from the office telephone and upto 2000 local calls per month from his residence telephone. |
| 8. | Residence for Mayor: | The Mayor shall be entitled to a sum of Rs. 1000/- per month, if lives in his own house and if he occupies a rented house then he will be entitled for Rs. 2500/- per month. |

ਉਕਤ ਦੇ ਮੱਦੇ ਨਜ਼ਰ ਯੋਗ ਹੋਵੇਗਾ ਕਿ ਕੌਂਸਲਰ ਸਾਹਿਬਾਨਾਂ ਵੱਲੋਂ ਦਿੱਤੇ ਗਏ ਮੰਗ ਪੱਤਰ ਨੂੰ ਹਾਊਸ ਵਿੱਚ ਵਿਚਾਰ ਲਈ ਭੇਜਦੇ ਹੋਏ ਮਤਾ ਪਾਸ ਕਰਕੇ ਸਰਕਾਰ ਪਾਸ ਭੇਜ ਦਿੱਤਾ ਜਾਵੇ ਤਾਂ ਜੋ ਸਰਕਾਰ ਵੱਲੋਂ ਉਸਤੇ ਵਿਚਾਰ ਕੀਤਾ ਜਾ ਸਕੇ। ਰਿਪੋਰਟ ਹਾਊਸ ਪਾਸ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 379** | **ਪ੍ਰਵਾਨ ਹੈ।** |

ਏਜੰਡਾ ਨੰਬਰ 26:

ਰਿਪੋਰਟ ਰੈਂਟ ਸ਼ਾਖਾ ਕਿ ਆਡੀਟੋਰੀਅਮ ਦੇ ਸੰਚਾਲਨ ਅਤੇ ਰੱਖ ਰਖਾਵ ਰਾਹੀਂ ਆਡੀਟੋਰੀਅਮ ਅਤੇ ਗੈਸਟ ਹਾਊਸ ਦੀ ਹਾਊਸ ਕੀਪਿੰਗ, ਸੁੱਰਖਿਆ ਨੂੰ ਓਪਨ ਟੈਂਡਰ ਰਾਹੀਂ ਆਉਟਸੋਰਸ ਤੇ ਦੇਣ ਲਈ ਇਕਰਾਰਨਾਮੇ ਲਈ ਹੇਠ ਲਿਖੇ ਨਿਯਮ ਅਤੇ ਸ਼ਰਤਾਂ ਹੋਣਗੀਆਂ:

1.

ੳ) ਹਰ ਸ਼ਿਫਟ ਵਿੱਚ 2 ਚੌਕੀਦਾਰ ਮੌਜੂਦ ਰਹਿਣਗੇ।
ਅ) ਸਾਫ ਸਫਾਈ ਲਈ 8 ਸਫਾਈ ਸੇਵਕ ਤਾਇਨਾਤ ਕੀਤੇ ਜਾਣਗੇ।
ੲ) ਡਿਟਰਜੈਂਟ, ਫਲੌਰ ਕਲੀਨਰ, ਟਾਇਲਟ ਕਲੀਨਰ, ਡੀਓਡੋਰਾਈਜ਼ਰ, ਕਮਰਸ਼ੀਅਲ ਵੈਕਿਉਮ ਕਲੀਨਰ ਵਰਗੀਆਂ ਸਾਰੀਆ ਵਸਤੂਆਂ ਏਜੰਸੀ ਰਾਹੀਂ ਪ੍ਰਦਾਨ ਕੀਤੀਆਂ ਜਾਣਗੀਆਂ।
ਸ) 2 ਮਾਲੀ ਏਜੰਸੀ ਰਾਹੀਂ ਪ੍ਰਦਾਨ ਕੀਤੇ ਜਾਣਗੇ।

2. ਆਡੀਟੋਰੀਅਮ ਦਾ ਪ੍ਰੋਜੈਕਟ, ਸਾਊਂਡ, ਲਾਈਟਸ, ਜੈਨਰੇਟਰ ਚਲਾਉਣ ਲਈ 1 ਇੰਜੀਨੀਅਰ ਅਤੇ 2 ਹੈਲਪਰ ਮਹੀਨਾਵਾਰ ਜਾਂ ਆਡੀਟੋਰੀਅਮ ਦੀ ਬੁਕਿੰਗ ਅਨੁਸਾਰ ਨਗਰ ਨਿਗਮ ਰਾਹੀਂ ਹੀ ਇੰਗੇਜ਼ ਕੀਤੇ ਜਾਣਗੇ।

3. ਜਨਰਲ ਆਪਰੇਸ਼ਨ ਅਤੇ ਮੈਨਟੀਨੈਂਸ, ਸਫਾਈ, ਬੁਕਿੰਗ, ਬੁਕਿੰਗ ਰਸੀਦਾਂ ਲਈ ਇੱਕ ਮੈਨੇਜ਼ਰ ਅਤੇ ਇੱਕ ਸੇਵਾਦਾਰ ਵੀ ਨਿਗਮ ਰਾਹੀਂ ਹੀ ਇੰਗੇਜ਼ ਕੀਤੇ ਜਾਣਗੇ।

4. ਆਡੀਟੋਰੀਅਮ, ਸੈਮੀਨਾਰ ਰੂਮਜ਼, ਕਾਨਫਰੰਸ ਰੂਮਜ਼, ਗੈਸਟ ਹਾਊਸ ਅਤੇ ਹੋਸਟਲ ਆਦਿ ਦੀ ਬੁਕਿੰਗ ਆਨਲਾਈਨ ਹੀ ਕੀਤੀ ਜਾਵੇਗੀ।

5. ਵੀ.ਆਈ.ਪੀ. ਗੈਸਟ ਦੀ ਬੁਕਿੰਗ ਕਮਿਸ਼ਨਰ, ਨਗਰ ਨਿਗਮ ਦੀ ਪ੍ਰਵਾਨਗੀ ਉਪਰੰਤ ਹੀ ਹੋਵੇਗੀ। ਗੈਸਟ ਹਾਊਸ ਦੇ ਕਮਰੇ ਦਾ ਕਿਰਾਇਆ 1500/- ਰੁਪਏ ਪ੍ਰਤੀ ਦਿਨ ਹੋਵੇਗਾ।

6. ਹੋਸਟਲ ਦਾ ਪ੍ਰਤੀ ਬੈਡ ਕਿਰਾਇਆ 300/- ਰੁਪਏ ਹੋਵੇਗਾ।

7. ਜਨਰਲ ਗੈਸਟ ਹਾਊਸ ਦੇ ਕਮਰੇ ਦਾ ਕਿਰਾਇਆ 1000/- ਰੁਪਏ ਪ੍ਰਤੀ ਦਿਨ ਹੋਵੇਗਾ।

8. ਸੈਮੀਨਾਰ ਹਾਲ ਦੀ ਬੁਕਿੰਗ ਫੀਸ 5000/- ਰੁਪਏ ਪਹਿਲੇ ਤਿੰਨ ਘੰਟੇ ਲਈ ਹੋਵੇਗੀ। ਇਸ ਤੋਂ ਜਿਆਦਾ ਸਮੇਂ ਲਈ 1000/- ਰੁਪਏ ਪ੍ਰਤੀ ਘੰਟਾ ਚਾਰਜ਼ਿਜ਼ ਹੋਣਗੇ।

9. ਕਾਨਫਰੰਸ ਹਾਲ ਦੀ ਬੁਕਿੰਗ ਫੀਸ 10000/- ਰੁਪਏ ਪਹਿਲੇ ਤਿੰਨ ਘੰਟੇ ਲਈ ਹੋਵੇਗੀ। ਇਸ ਤੋਂ ਜਿਆਦਾ ਸਮੇਂ ਲਈ 2000/- ਰੁਪਏ ਪ੍ਰਤੀ ਘੰਟਾ ਚਾਰਜ਼ਿਜ਼ ਹੋਣਗੇ।

10. ਪ੍ਰਦਰਸ਼ਨੀ ਗੈਲਰੀ ਦੀ ਬੁਕਿੰਗ ਫੀਸ 15000/- ਰੁਪਏ ਪਹਿਲੇ ਤਿੰਨ ਦਿਨਾਂ ਲਈ ਹੋਵੇਗੀ। ਤਿੰਨ ਦਿਨਾਂ ਤੋਂ ਜਿਆਦਾ ਸਮੇਂ ਲਈ 10000/- ਰੁਪਏ ਪ੍ਰਤੀ ਦਿਨ ਚਾਰਜ਼ਿਜ਼ ਹੋਣਗੇ।

11. ਆਡੀਟੋਰੀਅਮ ਦੀ ਫੀਸ 50,000/- ਰੁਪਏ ਪ੍ਰਤੀ ਪ੍ਰੋਗਰਾਮ ਹੋਵੇਗੀ। ਹਰੇਕ ਸਲਾਟ ਲਈ ਛੇ ਘੰਟੇ ਦਿੱਤੇ ਜਾਣਗੇ। ਜੇਕਰ ਕੋਈ ਵੀ ਆਡੀਟੋਰੀਅਮ ਪੂਰੇ ਦਿਨ ਲਈ ਬੁੱਕ ਕਰਨਾ ਚਾਹੁੰਦਾ ਹੈ ਤਾਂ ਫੀਸ ਇੱਕ ਲੱਖ ਰੁਪਏ ਪ੍ਰਤੀ ਦਿਨ ਹੋਵੇਗੀ। ਟਿਕਟਾਂ ਦੀ ਵਿਕਰੀ ਤੋਂ ਬਿਨ੍ਹਾਂ ਪ੍ਰੋਗਰਾਮ ਲਈ ਇਹ ਦਰਾਂ 40% ਹੋਣਗੀਆਂ।

12. ਗੈਸਟ ਹਾਊਸ ਅਤੇ ਹੋਸਟਲ ਵਿੱਚ ਸ਼ਰਾਬ ਪੀਣ ਅਤੇ ਸਿਗਰਟਨੋਸ਼ੀ ਕਰਨ ਦੀ ਮਨਾਹੀ ਹੋਵੇਗੀ। ਅਜਿਹਾ ਪਾਇਆ ਜਾਣ ਤੇ ਬਿਨ੍ਹਾਂ ਰਿਫੰਡ ਕਮਰਾ ਖਾਲੀ ਕਰਵਾਇਆ ਜਾਵੇਗਾ।

13. ਸਾਰੀ ਅਦਾਇਗੀ ਐਡਵਾਂਸ ਵਿੱਚ ਲਈ ਜਾਵੇਗੀ।

14. ਆਡੀਟੋਰੀਅਮ ਦੀ ਬੁਕਿੰਗ ਸਿਰਫ ਕਲਚਰਲ ਪ੍ਰੋਗਰਾਮਾਂ ਲਈ ਹੀ ਕੀਤੀ ਜਾ ਸਕੇਗੀ। ਕਿਸੇ ਵੀ ਰਾਜਨੀਤਿਕ ਪ੍ਰੋਗਰਾਮ ਲਈ ਬੁਕਿੰਗ ਨਹੀਂ ਕੀਤੀ ਜਾਵੇਗੀ।

15. ਸਬ-ਲੈਟ ਅਤੇ ਸਬ-ਬੁਕਿੰਗ ਕਰਨ ਦੀ ਪ੍ਰਵਾਨਗੀ ਨਹੀਂ ਹੋਵੇਗੀ।

16. ਇਕ ਵਾਰ ਭੁਗਤਾਨ ਕੀਤੇ ਜਾਣ ਵਾਲੇ ਖਰਚੇ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੇ ਜਾਣਗੇ।

17. ਹਰੇਕ ਪ੍ਰੋਗਰਾਮ ਵਿੱਚ 50 ਸੀਟਾਂ ਏ,ਬੀ, ਅਤੇ ਸੀ ਲਾਈਨਾਂ ਵਿੱਚੋਂ ਨਿਗਮ ਲਈ ਰਾਖਵੀਆਂ ਹੋਣਗੀਆਂ।

18. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਣਦਾ ਜੀ.ਐਸ.ਟੀ. ਵੱਖਰੇ ਤੋਰ ਤੇ ਚਾਰਜ਼ ਕੀਤਾ ਜਾਵੇਗਾ।

ਉਕਤ ਤਜਵੀਜ ਨਿਗਮ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**ਮੌਕੇ ਤੇ ਸਬੰਧਤ ਨਿਗਮ ਇੰਜੀਨੀਅਰ ਵੱਲੋਂ ਦਸਿਆ ਗਿਆ ਕਿ ਇਸ ਆਡੀਟੋਰੀਅਮ ਵਿੱਚ ਸਾਰੇ ਹਾਲ ਵਿੱਚ ਕਾਰਪੇਟ ਅਤੇ Acoustic Design system ਹੋਣ ਕਾਰਨ ਯੋਗ ਹੋਵੇਗਾ ਕਿ ਇਸਦੀ ਸਾਫ ਸਫਾਈ ਕਿਸੇ ਪ੍ਰੋਫੈਸ਼ਨਲ ਕੰਪਨੀ ਪਾਸੋਂ ਕਰਵਾਈ ਜਾਵੇ। ਇਸਤੋਂ ਇਲਾਵਾ ਸਾਊਂਡ ਸਿਸਟਮ, ਪ੍ਰੋਜੈਕਟਰ, ਲਿਫਟ ਸਿਸਟਮ ਅਤੇ ਲਾਈਟਿੰਗ ਵਿਵਸਥਾ ਤੇ ਬਹੁਤ ਜਿਆਦਾ ਪੈਸਾ ਲੱਗਾ ਹੋਣ ਕਾਰਨ ਯੋਗ ਹੋਵੇਗਾ ਕਿ ਇਹਨਾਂ ਦੀ ਮੈਨਟੀਨੇਂਸ ਓ.ਐਂਡ ਐਮ. ਬੇਸਿਸ ਤੇ ਕਿਸੇ ਵਧੀਆ ਕੰਪਨੀ ਪਾਸੋਂ ਕਰਵਾਈ ਜਾਵੇ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਇਸ ਆਡੀਟੋਰੀਅਮ ਵਿੱਚ ਲੱਗੇ ਮਹਿੰਗੇ ਸਮਾਨ ਦਾ ਨੁਕਸਾਨ ਹੋ ਸਕਦਾ ਹੈ।**

| | |
|---|---|
| ਮਤਾ ਨੰਬਰ 380 | **ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਇਸ ਆਡੀਟੋਰੀਅਮ ਦੀ ਸਫਾਈ ਅਤੇ ਸਾਂਭ-ਸੰਭਾਲ ਚੰਗੇ ਤਰੀਕੇ ਨਾਲ ਕਰਨ ਖਾਤਰ QCBS (Quality Cost Basis System) ਤੇ ਕਿਸੇ ਪ੍ਰੋਫੈਸ਼ਨਲ ਕੰਪਨੀ ਨੂੰ ਅਲਾਟ ਕੀਤਾ ਜਾਵੇ, ਜਿਸ ਵਿੱਚ 40% Quality ਨੂੰ ਅਤੇ 60% Cost ਨੂੰ Weightage ਦਿੱਤੀ ਜਾਵੇ।ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਇਸ ਆਡੀਟੋਰੀਅਮ ਨੂੰ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਹੀ ਚਲਾਇਆ ਜਾਵੇਗਾ ਅਤੇ ਕਿਸੇ ਵੀ ਸੰਸਥਾਂ ਨੂੰ ਹੈਂਡ ਓਵਰ ਨਹੀਂ ਕੀਤਾ ਜਾਵੇਗਾ।<br>ਮਜ਼ੀਦ ਪਾਸ ਕੀਤਾ ਗਿਆ ਕਿ ਟੈਂਡਰ ਦੇਣ ਸਬੰਧੀ ਸ਼ਰਤਾਂ ਨਿਰਧਾਰਤ ਕਰਨ ਖਾਤਰ ਸਬ-ਕਮੇਟੀ ਬਣਾਈ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਨੂੰ ਦਿੱਤੇ ਜਾਂਦੇ ਹਨ।** |

<u>ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡਾ ਤੇ ਵਿਚਾਰ ਕੀਤਾ ਗਿਆ:</u>

<u>ਏਜੰਡਾ ਨੰਬਰ 1:</u>

ਰਿਪੋਰਟ ਵਰਕਸ ਸ਼ਾਖਾ ਕਿ ਕੰਸ: ਆਫ ਮਲਟੀਪਰਪਜ਼ ਆਡੀਟੋਰੀਅਮ ਐਟ ਰੋਜ਼ ਗਾਰਡਨ ਦੇ ਕੰਮ ਸਬੰਧੀ ਇਸ ਦਫਤਰ ਦੇ ਵਰਕ ਆਰਡਰ ਨੰਬਰ 199/ਵ ਮਿਤੀ 11.10.2021 ਰਾਹੀਂ ਵਿੰਧਿਆ ਟੈਲੀਲਿੰਕਸ ਲਿਮ: ਨੂੰ ਅਲਾਟ ਕੀਤਾ ਗਿਆ ਹੈ। ਜਿਸਦੀ ਤਖਮੀਨਾ ਰਾਸ਼ੀ 2714.00 ਲੱਖ ਰੁਪਏ ਹੈ। ਇਹ ਕੰਮ ਵਿੰਧਿਆ ਟੈਲੀਲਿੰਕਸ ਲਿਮ: ਨੂੰ ਇਸ ਦਫਤਰ ਦੇ ਵਰਕ ਆਰਡਰ ਅਨੁਸਾਰ ਮਿਤੀ 10.10.2023 ਤੱਕ ਮੁਕੰਮਲ ਕੀਤਾ ਜਾਣਾ ਸੀ, ਪਰੰਤੂ

ਫਰਮ ਦੀ ਦਰਖਾਸਤ ਤੇ ਇਸ ਕੰਮ ਨੂੰ ਮੁਕੰਮਲ ਕਰਨ ਦੀ ਮਿਆਦ ਵਿੱਚ ਮਿਤੀ 15.08.2024 ਤੱਕ ਵਾਧਾ ਕੀਤਾ ਗਿਆ ਹੈ। ਉਕਤ ਸਬੰਧੀ ਦਸਿਆ ਜਾਂਦਾ ਹੈ ਕਿ ਇਸ ਮਲਟੀਪਰਪਜ਼ ਆਡੀਟੋਰੀਅਮ ਨੂੰ ਵਿਸ਼ਵ ਪੱਧਰੀ ਬਨਾਉਣ ਲਈ ਹਰ ਇੱਕ ਪੂਰਨ ਜੋਰ ਅਤੇ ਵਧੀਆ ਢੰਗ ਨਾਲ ਕੰਮ ਕਰਨ ਲਈ ਉਪਰਾਲੇ ਕੀਤੇ ਗਏ ਹਨ।

1. ਆਡੀਟੋਰੀਅਮ ਦੇ ਚਲਦੇ ਕੰਮ ਦੋਰਾਨ ਡਿਪਟੀ ਕਮਿਸ਼ਨਰ-ਕਮ-ਕਮਿਸ਼ਨਰ ਨਗਰ ਨਿਗਮ ਸ਼੍ਰੀ ਸ਼ੌਕਤ ਅਹਿਮਦ ਪਰੇ ਅਤੇ ਜਿਲ੍ਹਾ ਭਾਸ਼ਾ ਅਫਸਰ ਕਿਰਤੀ ਕਿਰਪਾਲ ਵੱਲੋਂ ਵਿਜ਼ਿਰ ਕੀਤਾ ਗਿਆ ਸੀ। ਜਿਸਤੇ ਜਿਲ੍ਹਾ ਭਾਸ਼ਾ ਅਫਸਰ ਵੱਲੋਂ ਇਸ ਆਡੀਟੋਰੀਅਮ ਨੂੰ ਥਿਏਟਰ ਕੰਮ ਆਡੀਟੋਰੀਅਮ ਬਨਾਉਣ ਦੀ ਮੰਗ ਕੀਤੀ ਗਈ ਅਤੇ ਕਿਹਾ ਗਿਆ ਕਿ ਸਟੇਜ਼ ਦੀ ਜਗ੍ਹਾ ਘੱਟ ਹੈ, ਇਸਨੂੰ ਵਧਾਇਆ ਜਾਵੇ ਅਤੇ ਆਡਿਓ ਵੀਡਿਓ ਸਿਸਟਮ ਨੂੰ ਵਧਾ ਕੇ ਅਪਗ੍ਰੇਡ ਕੀਤਾ ਜਾਵੇ। ਇਸ ਤੋਂ ਬਾਅਦ ਜਿਲ੍ਹਾ ਭਾਸ਼ਾ ਅਫਸਰ ਵੱਲੋਂ ਵਾਰ-ਵਾਰ ਇਹ ਕਿਹਾ ਗਿਆ ਹੈ ਕਿ ਆਡੀਟੋਰੀਅਮ ਵਿਖੇ ਵੱਖ-ਵੱਖ ਨਾਟਕ ਹੋਣੇ ਹਨ। ਇੰਨ੍ਹਾਂ ਨਾਟਕਾਂ ਲਈ ਵੱਖ-ਵੱਖ ਕਲਾਕਾਰ ਪ੍ਰਫੋਰਮ ਕਰਨਗੇ। ਇਸ ਲਈ ਆਡੀਟੋਰੀਅਮ ਨੂੰ ਅਡਵਾਂਸਡ ਆਡਿਓ ਵੀਡਿਓ ਸਿਸਟਮ ਨੂੰ ਜੋੜ੍ਹਲ ਲਈ ਕੁਟੈਸ਼ਨਾਂ ਪ੍ਰਾਪਤ ਕੀਤੀਆਂ ਗਈਆਂ, ਜਿਸਤੇ ਕੁੱਲ ਖਰਚਾ 1,98,45,229 ਰੁਪਏ ਪ੍ਰਾਪਤ ਹੋਏ ਸਨ। ਇਸ ਐਡਵਾਂਸ ਆਡਿਓ ਵੀਡਿਓ ਸਿਸਟਮ ਦੀ ਪਾਸ ਹੋਏ ਤਖਮੀਨੇ ਵਿੱਚ ਲਈਆਂ ਆਈਟਮਾਂ ਜਿਸ ਦੀ ਕੁੱਲ ਰਾਸ਼ੀ 73,77,728/- ਰੁਪਏ ਬਣਦੀ ਹੈ, ਨੂੰ ਅਡਜੱਸਟ ਕਰਕੇ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ। ਇਸ ਅਨੁਸਾਰ 1,98,45,229+10% ਕੰਟਰੈਕਟ ਪ੍ਰਾਫਿਟ ਅਤੇ 1% ਲੇਬਰ ਸੈਸ ਤੇ ਪ੍ਰਵਾਨ ਕੀਤਾ ਗਿਆ ਹੈ। ਇਸਦੇ ਨਾਲ ਹੀ ਵੱਖ-ਵੱਖ ਆਇਟਮਾਂ ਜਿਵੇਂ ਕਿ Acoustic Design (Mineral Fibre Ceiling, Calcium Silicate Border, Calcium Silicate with Grid) ਅਤੇ ਬੈਫਲਜ਼ ਦੀ ਵੀ ਪ੍ਰਵਾਨਗੀ ਲਈ ਗਈ। ਕਿਉਂਕਿ ਇਹ ਆਇਟਮਾਂ ਆਡੀਟੋਰੀਅਮ ਵਿੱਚ ਲਗਾਈ ਜਾਣੀ ਜਰੂਰੀ ਸਨ। ਇੰਨ੍ਹਾਂ ਆਇਟਮਾਂ ਵਿੱਚ ਬੈਫਲਸ ਤੇ 56.64 ਲੱਖ ਰੁਪਏ ਅਤੇ Acoustic Design ਤੇ 32.77 ਲੱਖ ਰੁਪਏ ਪ੍ਰਵਾਨਗੀ ਮਿਤੀ 01.11.2023 ਨੂੰ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਤੋਂ ਲਈ ਗਈ ਸੀ।
2. ਇਸ ਆਡੀਟੋਰੀਅਮ ਵਿੱਚ ਪਾਸ ਹੋਏ ਤਖਮੀਨੇ ਵਿੱਚ ਵਾਈਫਾਈ ਨੈਟਵਰਕਿੰਗ ਸਮੇਤ ਸੀ.ਸੀ.ਟੀ.ਵੀ. ਸਰਵੀਲੈਂਸ ਸਿਸਟਮ ਲਈ ਕੋਈ ਤਜਵੀਜ ਨਹੀਂ ਸੀ। ਕਿਉਂ ਜੋ ਉਕਤ ਆਡੀਟੋਰੀਅਮ ਵਿੱਚ ਫੰਕਸ਼ਨ ਆਦਿ ਕਰਨ ਲਈ ਨੈਟਵਰਕਿੰਗ ਅਤੇ ਆਉਣ ਜਾਣ ਵਾਲੇ ਪਬਲਿਕ ਦੀ ਨਿਗਰਾਨੀ ਰੱਖਣ ਲਈ ਸੀ.ਸੀ.ਟੀ.ਵੀ. ਕੈਮੇਰ ਦਾ ਕੰਮ ਬਹੁਤ ਜਰੂਰੀ ਹੈ। ਇਸ ਤਹਿਤ ਮਾਨਯੋਗ ਕਮਿਸ਼ਨਰ ਸਾਹਿਬ ਵੱਲੋਂ ਮਿਤੀ 09.01.2024 ਨੂੰ 17,97,719/- ਰੁਪਏ ਦੀ ਪ੍ਰਵਾਨਗੀ ਦੇ ਦਿੱਤੀ ਗਈ ਸੀ।
3. ਮਾਨਯੋਗ ਕਮਿਸ਼ਨਰ ਸਾਹਿਬ ਦੀਆਂ ਹਦਾਇਤਾਂ ਅਨੁਸਾਰ ਮਲਟੀਪਰਪਜ਼ ਆਡੀਟੋਰੀਅਮ ਵਿਖੇ ਵੀ.ਆਈ.ਪੀ. ਕਮਰੇ ਅਤੇ ਕਲਾਕਾਰਾਂ ਦੇ ਬੈਠਣ ਲਈ ਕਮਰੇ ਬਨਾਉਣ ਲਈ ਨਿਰਦੇਸ਼ ਹੋਏ ਸਨ। ਇਸ ਕੰਮ ਦੇ ਪਾਸ ਹੋਏ ਤਖਮੀਨੇ ਵਿੱਚ ਮਲਟੀਪਰਪਜ਼ ਆਡੀਟੋਰੀਅਮ ਵਿਖੇ ਵੀ.ਆਈ.ਪੀ. ਕਮਰੇ ਅਤੇ ਕਲਾਕਾਰਾਂ ਦੇ ਬੈਠਣ ਲਈ ਕਮਰੇ ਬਨਾਉਣ ਲਈ ਕੋਈ ਤਜਵੀਜ ਨਹੀਂ ਸੀ। ਇਸ ਲਈ ਮਾਨਯੋਗ ਕਮਿਸ਼ਨਰ ਜੀ ਵੱਲੋਂ ਆਡੀਟੋਰੀਅਮ ਵਿਖੇ ਵੀ.ਆਈ.ਪੀ. ਕਮਰੇ ਅਤੇ ਕਲਾਕਾਰਾਂ ਦੇ ਬੈਠਣ ਲਈ ਗੈਸਟ ਹਾਊਸ ਹਾਊਸ ਬਨਾਉਣ ਲਈ ਮਿਤੀ 23.01.2024 ਨੂੰ ਇਸ ਕੰਮ ਦੀ ਤਖਮੀਨੇ ਦੀ ਰਾਸ਼ੀ 2714.79 ਲੱਖ ਰੁਪਏ ਵਿੱਚ ਕੰਮ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਗਈ ਸੀ ਕਿ ਪਾਸ ਕੰਮ ਤੋਂ ਆਈ ਸੇਵਿੰਗ ਵਿੱਚੋਂ ਕਰਵਾ ਲਿਅ ਜਾਵੇ। ਇਸ ਕੰਮ ਵਿੱਚੋਂ 206.00 ਲੱਖ ਰੁਪਏ ਦੀ ਪ੍ਰਵਾਨਗੀ ਦੇ ਦਿੱਤੀ ਗਈ ਸੀ।
4. ਇਸ ਤੋਂ ਬਾਅਦ ਭਾਸ਼ਾ ਅਫਸਰ ਵੱਲੋਂ ਨਿਗਮ ਦਫਥਰ ਵਿੱਚ ਆ ਕੇ ਕਿਹਾ ਗਿਆ ਕਿ ਇਸ ਆਡੀਟੋਰੀਅਮ ਨੂੰ ਥਿਏਟਰ ਵੱਜੋਂ ਜੀ ਵਰਤਿਆ ਜਾਣਾ ਹੈ। ਇਸ ਵਿੱਚ ਡਿਜ਼ੀਟਲ ਮਿਸਚਰ, ਮਾਈਕਰੋਫੋਰ ਮਾਈਕਰੋਫੋਨ ਮਾਈਕ, ਆਇਟਮਾਂ ਲਈਆਂ ਜਾਣ। ਇਸਤੇ ਦਸਿਆ ਜਾਂਦਾ ਹੈ ਕਿ ਪਾਸ ਹੋਏ ਤਖਮੀਨੇ ਵਿੱਚ ਮਾਈਕਰੋਫੋਨ + ਡਿਜ਼ੀਟਲ ਮਿਕਸਚਰ ਦੀ ਕੋਈ ਤਜਵੀਜ ਨਹੀਂ ਸੀ। ਇਸ ਤੇ ਕੰਮ ਜਰੂਰੀ ਹੋਣ ਕਰਕੇ ਮਾਰਕੀਟ ਰੇਟਾਂ ਤੇ ਕੁਟੈਸ਼ਨਾਂ ਪ੍ਰਾਪਤ ਕੀਤੀਆਂ ਗਈਆਂ ਸਨ। ਜੋ ਕਿ 24.85 ਲੱਖ ਰੁਪਏ ਦੀਆਂ ਸਨ। ਜਿਸਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਵੱਲੋਂ ਮਿਤੀ 12.07.2024 ਨੂੰ ਦੇ ਦਿੱਤੀ ਗਈ ਸੀ। ਉਕਤ ਅਨੁਸਾਰ ਪੈਰਾ ਨੰਬਰ 1 ਤੋਂ 6 ਤੱਕ ਵੱਖ-ਵੱਖ ਆਇਟਮਾਂ ਜੋ ਕਿ ਪ੍ਰਵਾਨ ਕਰਵਾਈਆਂ ਗਈਆਂ ਸਨ ਦੀ ਕੁੱਲ ਲਾਗਤ 499.90 ਲੱਖ ਰੁਪਏ ਬਣਦੀ ਹੈ। ਇਸ ਕੰਮ ਦੀ ਸੇਵਿੰਗ ਨੂੰ ਦੇਖਦੇ ਹੋਏ ਇਹ ਕੰਮ ਰਨਿੰਗ ਕੰਮ ਦੇ ਨਾਲ-ਨਾਲ ਕਰਵਾ ਲਏ ਗਏ ਸਨ।
5. ਬਲਵੰਤ ਗਾਰਗੀ ਆਡੀਟੋਰੀਅਮ ਵਿਖੇ ਬਲਵੰਤ ਗਾਰਗੀ ਜੀ ਦਾ ਲੁਕਆਉਟ ਅਤੇ ਲੋਗੋ ਲਗਾਉਣ ਲਈ ਪਾਸ ਹੋਏ ਤਖਮੀਨੇ ਵਿੱਚ ਤਜਵੀਜ ਨਹੀਂ ਸੀ। ਇਸ ਲਈ ਮਾਰਕੀਟ ਰੇਟਾਂ ਤੇ ਬਲਵੰਤ ਗਾਰਗੀ ਜੀ ਦਾ ਲੁਕਆਉਟ ਅਤੇ ਲੋਗੋ ਲਗਾਉਣ ਲਈ ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 26.07.2024 ਰਾਹੀਂ ਰਾਸ਼ੀ 6,08,880/- ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ।

6. ਆਡੀਟੋਰੀਅਮ ਵਿਖੇ ਮਾਨਯੋਗ ਕਮਿਸ਼ਨਰ ਸਾਹਿਬ ਜੀ ਦੀਆਂ ਹਦਾਇਤਾਂ ਅਨੁਸਾਰ ਵੀ ਆਈ ਪੀ ਰੂਮ ਅਤੇ ਕਲਾਕਾਰਾਂ ਦੇ ਕਮਰੇ ਬਨਾਉਣ ਲਈ ਪ੍ਰਵਾਨਗੀ ਦੇ ਦਿੱਤੀ ਗਈ ਸੀ ਪਰ ਇਸ ਵਿੱਚ ਗੈਸਟ ਹਾਊਸ ਦੇ ਟ੍ਰਸ ਉਪਰ ਪਫ ਸ਼ੀਟ ਲਈ ਵੱਖਰੀ ਕੁਟੈਸ਼ਨਾਂ ਲੈ ਕੇ ਕੰਮ ਕਰਵਾਉਣ ਦੀ ਪ੍ਰਵਾਨਗੀ ਮਿਤੀ 26.07.2024 ਨੂੰ ਮਨਾਯੋਗ ਕਮਿਸ਼ਨਰ ਸਾਹਿਬ ਜੀ ਵੱਲੋਂ ਦਿੱਤੀ ਗਈ ਹੈ, ਜਿਸਤੇ ਕੁੱਲ ਖਰਚਾ 18,87,811/- ਰੁਪਏ ਦਾ ਪ੍ਰਵਾਨ ਹੋਇਆ ਹੈ।

ਇਸ ਤੋਂ ਇਲਾਵਾ ਦਸਿਆ ਜਾਂਦਾ ਹੈ ਕਿ ਪਾਸ ਹੋਏ ਤਖਮੀਨੇ ਵਿੱਚ ਕੁੱਝ ਆਇਟਮਾਂ ਦੀ ਕੁਆਂਟਟੀ ਘੱਟ ਲਈ ਗਈ ਸੀ, ਜੋ ਕਿ ਮੌਕੇ ਤੇ ਕਰਵਾਉਣੀਆਂ ਅਤਿ ਜਰੂਰੀ ਸਨ। ਕਿਉਂਕਿ ਇਸ ਆਡੀਟੋਰੀਅਮ ਦੇ ਪ੍ਰੋਜੈਕਟ ਵਿੱਚ ਲਈਆਂ ਕਈ ਆਇਟਮਾਂ ਨੂੰ ਮੌਕੇ ਤੇ ਕਰਨ ਤੋਂ ਬਾਅਦ ਹੀ ਪਤਾ ਲਗਦਾ ਹੈ ਕਿ ਇੰਨ੍ਹਾਂ ਆਇਟਮਾਂ ਨਾਲ ਹੋਰ ਕਈ ਐਨ.ਐਸ. ਆਇਟਮਾਂ ਜੁੜੀਆਂ ਹੁੰਦੀਆਂ ਹਨ। ਕੁੱਝ ਆਇਟਮਾਂ ਦੀ ਕੁਆਂਟਟੀ ਘੱਟ ਲਈ ਗਈ ਸੀ, ਜਿਵੇਂ ਕਿ ਕਾਰਪੇਟ, ਵਾਲ ਪੈਨਲਿੰਗ, ਅਕੋਸਟਿਕ ਡਾਊਨ ਸੀਲਿੰਗ, ਕੈਟ ਵਾਕ ਐਮ.ਐਸ. ਸਟਰੱਕਚਰ, ਏ.ਸੀ.ਪੀ. ਸ਼ੀਟਸ, ਐਲ.ਟੀ.ਪੈਨਲ, ਡੀ ਜੀ ਸੈਟ ਦੀ ਏ.ਟੀ.ਐਸ. ਸਿਸਟਮ ਅਤੇ ਆਡੀਟੋਰੀਅਮ ਦੇ ਆਲੇ ਦੁਆਲੇ ਲੁੱਕ ਦਾ ਕੰਮ ਕਰਨਾ ਤਜਵੀਜ ਸੀ ਦੀ ਥਾਂ ਇੰਟਰਲਾਕਿੰਗ ਟਾਇਲਾਂ ਦਾ ਕੰਮ ਕਰਵਾਇਆ ਗਿਆ ਹੈ ਅਤੇ ਇਸ ਤੋਂ ਇਲਾਵਾ ਕੁੱਝ ਆਇਟਮਾਂ ਪਾਸ ਹੋਏ ਤਖਮੀਨੇ ਵਿੱਚ ਨਹੀਂ ਲਈਆਂ ਗਈਆਂ ਸਨ, ਜੋ ਕਿ ਮੌਕੇ ਤੇ ਕਰਵਾਉਣੀਆਂ ਜਰੂਰੀ ਸਨ, ਜਿਵੇਂ ਕਿ ਸਟੈਪ ਲਾਈਟ ਸਿਸਟਮ, ਗਲੋਅ ਸਾਈਨ ਬੋਰਡ, ਯੂ.ਪੀ.ਐਸ. ਸਿਸਟਮ ਨਹੀਂ ਸਨ। ਇੰਨ੍ਹਾ ਆਇਟਮਾਂ ਨਾਲ ਬਿੱਲ ਦੀ ਕੁਆਂਟਟੀ ਵਿੱਚ ਵੈਰੀਏਸ਼ਨ ਆਈ ਹੈ ਅਤੇ ਉਕਤ ਸਮਾਨ ਦੀ ਸਪਲਾਈ ਲੈਣ ਲਈ ਵੀ ਹੋਰ ਸਮਾਂ ਲੋੜੀਂਦਾ ਸੀ।

ਹੁਣ ਆਡੀਟੋਰੀਅਮ ਦੇ ਕੰਮ ਦਾ 23ਵਾਂ ਰਨਿੰਗ ਬਿੱਲ ਪ੍ਰਾਪਤ ਹੋਇਆ ਹੈ। ਜਿਸ ਦੀ ਰਾਸ਼ੀ 29.70 ਕਰੋੜ੍ਹ ਰੁਪਏ ਹੈ। ਇਸ ਕੰਮ ਦਾ ਤਖਮੀਨਾ ਰਾਸ਼ੀ 2714.79 ਲੱਖ ਰੁਪਏ ਦੇ ਵਿੱਚ 10% ਦਾ ਵਾਧਾ ਕਰਨਾ ਬਣਦਾ ਹੈ। ਇਸ ਕੰਮ ਤੇ ਤਖਮੀਨਾ ਰਾਸ਼ੀ 2714.79 ਵਿੱਚ 10% ਦਾ ਵਾਧਾ ਕਰਦੇ ਹੋਏ ਕੰਮ ਬਿੱਲ ਦੀ ਅਦਾਇਗੀ ਕਰਨ ਅਤੇ ਉਕਤ ਕੰਮ ਮੁਕਮੰਲ ਕਰਨ ਦੀ ਮਿਤੀ 15.10.2024 ਤੱਕ ਸਮਾਂ ਸੀਮਾ ਵਿੱਚ ਵਾਧਾ ਕਰਨ ਹਿੱਤ ਰਿਪੋਰਟ ਕੀਤੀ ਗਈ ਹੈ।

ਉਕਤ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Enhancement till this bill is 9.40% which is within 10% of the estimate, which is allowable under rules".

ਉਕਤ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "The amount upto the grant received from the Govt. shall be paid and for remaining amount, approval from House shall be taken for the usage of MC funds on account of additional works being done such as of MC Guest House, CCTV works etc.

In order to complete the work on time, the above approval is sought in anticipation of the approval of the House". For approval pl.

ਕੰਮ ਦੀ ਮਹਤੱਤਾ ਅਤੇ ਸਮੇਂ ਸਿਰ ਕੰਮ ਨੂੰ ਮੁਕਮੰਲ ਕਰਨ ਖਾਤਰ ਕਾਰਜਕਾਰੀ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਮਿਤੀ 13.09.2024 ਨੂੰ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਇਸਦੀ ਮੰਨਜ਼ੂਰੀ ਦਿੱਤੀ ਗਈ ਹੈ।

ਕੇਸ ਹਾਊਸ ਦੀ ਜਾਣਕਾਰੀ ਹਿੱਤ।

| | |
|---|---|
| **ਮਤਾ ਨੰਬਰ 381** | **ਪ੍ਰਵਾਨ ਹੈ।** |

**ਏਜੰਡਾ ਨੰਬਰ 2:**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:

| Sr. No. | Name of Work | Estimate (in lac) |
|---|---|---|
| 1. | Const. of metelled road and 20mm thick PC in Street No. 33,34,35 Kaka Sidhu Colony and Partap Nagar Street No. 30/4, 30/5, 30/6 Hans Nagar St. No. 8 St. No. 22/A Hans Nagar Zone No. 6 | 49.10 |
| 2. | P/Laying 80mm thick PC in St. No. 10/16, 10/21, 10/19, 10/23 Guru Gobind Singh Nagar, Bank Colony St. No. 1/1, ½, 2/1, 2/2, 3,4,5,5/1 National Colony St. No. 16 Zone | 43.26 |

| | | |
|---|---|---|
| | No. 5 | |
| 3. | Development of Park in Kheta Singh Basti Zone No. 6 | 20.06 |
| 4. | S/F of new handpump in various part of the city | 10.51 |
| 5. | Purchase of Handpump material for repairs of handpump in various part of the city | 6.08 |
| 6. | Widening of Law College Road Lal Singh basti Zone 7 | 8.58 |
| 7. | Rough Cost Estimate for P/L PC in Panchvati Nagar | 43.80 |
| 8. | Rough cost estimate for P/L PC in New Shakti Nagar and Vishal Nagar | 34.44 |
| 9. | P/L PC at Street No. 6 Kapoor Sweets Wali Gali and BSNL Echange Wali Gali (Zone 3) | 21.55 |
| 10. | P/Laying Stone Mettel & 20mm thick PC on St. No. 34 Lal Singh Basti | 6.87 |
| 11. | P/L PC from Hanuman Chowk to Peerkhana Side and Stadium Side, Basant Vihar, Aggarwal Colony St. No. 5 | 46.48 |
| 12. | P/L PC from 100 ft. Vishal Nagar upto Canal | 26.00 |
| 13. | P/L PC from Santpura Road and 100 ft. Vishal Nagar | 37.81 |
| 14. | S/Laying 60mm thick I/ Tiles & closing Drains St. No. 8 Partap Nagar Zone No. 6 | 10.91 |
| 15. | Supply of Street Light Drivers of different wattage for Maintenance | 16.48 |
| 16. | P/L PC 20mm thick at Service Road Balmiki Chowk to Hazi Rattan Chowk and laying Interlocking Tiles near shops berms near Walia JCB Stand | 32.40 |
| 17. | General repair of Civil works and Patch work in Zone No. 3 | 25.71 |
| 18. | General repair works of civil works in Zone No. 4 | 27.14 |

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 382**

**ਪ੍ਰਵਾਨ ਹੈ।**
**ਮਜ਼ੀਦ ਹੇਠ ਲਿਖੇ ਅਨੁਸਾਰ ਹਾਊਸ ਵਿੱਚ ਪੇਸ਼ ਤਖਮੀਨਿਆਂ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ:**

| ਲੜੀ ਨੰ: | ਕੰਮ ਦਾ ਨਾਮ | ਤਖਮੀਨਾ ਰਾਸ਼ੀ (ਲੱਖਾਂ ਵਿੱਚ) |
|---|---|---|
| 1. | ਸ/ਲੇਇੰਗ 60 ਐਮ.ਐਮ ਥਿੱਕ ਇੰਟਰਲਾਕਿੰਗ ਟਾਇਲਸ ਇਨ ਸਟਰੀਟ ਨੰਬਰ 8ਏ, 4/3 ਅਤੇ ਗਲੀ ਨੰਬਰ 3, ਮੁਲਤਾਨੀਆ ਰੋਡ ਵਾਰਡ ਨੰਬਰ 42 ਜ਼ੋਨ ਨੰਬਰ 6 | 28.60 |

**<u>ਇਸ ਉਪਰੰਤ ਮੀਟਿੰਗ ਵਿੱਚ ਪੇਸ਼ ਹੇਠ ਲਿਖੇ ਅਨੁਸਾਰ ਟੇਬਲ ਆਇਟਮਾਂ ਤੇ ਵਿਚਾਰ ਕੀਤਾ ਗਿਆ:</u>**

<u>ਏਜੰਡਾ ਨੰਬਰ 1 :</u>

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਸੰਗਰੂਰ ਵੱਲੋਂ ਆਪਣੇ ਪੱਤਰ ਨੰਬਰ 133 ਮਿਤੀ 08.05.2023 ਰਾਹੀਂ ਲਿਖਿਆ ਹੈ ਕਿ ਬਠਿੰਡਾ ਤਲਵੰਡੀ ਸਾਬੋ ਸੜਕ ਉੱਪਰ ਬਣੇ ਆਰ.ਯੂ.ਬੀ. ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਇਸ ਆਰ.ਯੂ.ਬੀ. ਦੇ ਬਰਸਾਤੀ ਪਾਣੀ ਦੀ ਨਿਕਾਸੀ ਸਬੰਧੀ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਇਹ ਆਰ.ਯੂ.ਬੀ. ਨਗਰ ਨਿਗਮ ਦੀ ਹੱਦ ਅੰਦਰ ਆਉਂਦਾ ਹੈ। ਇਸ ਲਈ ਉਕਤ ਆਰ.ਯੂ.ਬੀ. ਉਪਰ ਜੋ ਮਸ਼ੀਨਰੀ (ਜੈਨਰੇਟਰ) ਜੋ ਕਿ ਬਰਸਾਤੀ ਪਾਣੀ ਦੀ ਨਿਕਾਸੀ ਲਈ ਲੱਗੀ ਹੋਈ ਹੈ, ਉਸਦੀ ਸਾਂਭ-ਸੰਭਾਲ ਹਿੱਤ ਆਪ ਨੂੰ ਹੈਂਡ ਓਵਰ ਕੀਤੀ ਜਾਂਦੀ ਹੈ। ਇਸ ਸਬੰਧੀ ਸ਼੍ਰੀ ਅੰਮ੍ਰਿਤ ਲਾਲ ਅਗਰਵਾਲ, ਚੇਅਰ ਪਰਸਨ, ਜਿਲ੍ਹਾ ਯੋਜਨਾ ਕਮੇਟੀ ਬਠਿੰਡਾ ਵੱਲੋਂ ਵੀ ਇਸ ਆਰ.ਯੂ.ਬੀ. ਉਪਰ ਆਉਂਦੀਆਂ ਬਰਸਾਤੀ ਪਾਣੀ ਦੀ ਨਿਕਾਸੀ ਦੇ ਉਚਿਤ ਪ੍ਰਬੰਧਾਂ ਲਈ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਨੂੰ ਪੱਤਰ ਲਿਖਿਆ ਗਿਆ ਹੈ। ਜਿਸਦਾ ਉਤਾਰਾ ਪੱਤਰ ਨੰਬਰ 141-42 ਮਿਤੀ 19.06.2023 ਰਾਹੀਂ ਮਾਨਯੋਗ ਕੈਬਨਿਟ ਮੰਤਰੀ,

ਸਥਾਨਕ ਸਰਕਾਰ ਅਤੇ ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੂੰ ਭੇਜਿਆ ਗਿਆ ਹੈ। ਹੁਣ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਵੱਲੋਂ ਉਕਤ ਕੰਮ ਦਾ ਉਚਿਤ ਪ੍ਰਬੰਧ ਕਰਨ ਲਈ ਤਖਮੀਨਾ ਤਿਆਰ ਕਰਨ ਲਈ ਕਿਹਾ ਗਿਆ ਹੈ। ਇਸ ਕੰਮ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਇਸ ਕੰਮ ਨੂੰ ਕਰਨ ਲਈ ਲਗਭਗ 46.14 ਲੱਖ ਰੁਪਏ ਦਾ ਖਰਚਾ ਆਵੇਗਾ। ਅੰਡਰ ਬ੍ਰਿਜ਼ ਵਿੱਚ ਬਰਸਾਤੀ ਪਾਣੀ ਭਰਨ ਕਾਰਨ ਪਬਲਿਕ ਨੂੰ ਆਵਾਜਾਈ ਬੰਦ ਕਾਰਨ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਜਲਦ ਹੱਲ ਕਰਨ ਲਈ ਉਕਤ ਕੰਮ ਨਗਰ ਨਿਗਮ ਬਠਿੰਡਾ ਵੱਲੋਂ ਆਪਣੇ ਪੱਧਰ ਤੇ ਕਰਵਾਇਆ ਜਾਣਾ ਹੈ। ਮਾਨਯੋਗ ਹਾਊਸ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਤਖਮੀਨਾ ਮੁਬਲਿਗ 46.14 ਲੱਖ ਰੁਪਏ ਦੀ ਮਾਨਯੋਗ ਹਾਊਸ ਤੋਂ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 383** | **ਪ੍ਰਵਾਨ ਹੈ।** |

ਏਜੰਡਾ ਨੰਬਰ 2 :

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਵਿੱਚ ਚੱਲ ਰਹੇ ਕੂੜੇ ਵਾਲੇ ਟਿੱਪਰਾਂ ਦੀ ਰੋਜ਼ਾਨਾ ਰਿਪੇਅਰ ਨਗਰ ਨਿਗਮ ਬਠਿੰਡਾ ਲਈ ਸਿਰ ਦਰਦੀ ਬਣ ਚੁੱਕੀ ਹੈ। ਵੱਖ-ਵੱਖ ਜ਼ੋਨਾਂ ਵਿੱਚ ਕੰਮ ਕਰ ਰਹੇ ਟਿੱਪਰ ਲਗਭਗ ਰੋਜ਼ਾਨਾ ਹੀ ਖਰਾਬ ਹੋਏ ਰਹਿੰਦੇ ਹਨ। ਕਿਉਂ ਜੋ ਟਿੱਪਰਾਂ ਤੇ ਕੰਮ ਕਰਨ ਵਾਲੀ ਲੇਬਰ ਗੱਤਾ, ਪਲਾਸਟਿਕ, ਕਬਾੜ ਆਦਿ ਛਾਂਟਣ ਵਿੱਚ ਜਿਆਦਾ ਰੁਚੀ ਲੈਂਦੀ ਹੈ ਅਤੇ ਟਿੱਪਰਾਂ ਦੀ ਮੈਨਟੀਨੈਂਸ ਤੇ ਘੱਟ ਧਿਆਨ ਦਿੰਦੀ ਹੈ। ਸਿੱਟੇ ਵੱਜੋਂ ਆਮ ਪਬਲਿਕ ਦੀ ਕੂੜੇ ਸਬੰਧੀ ਸ਼ਿਕਾਇਤਾਂ ਵੱਧ ਰਹੀਆਂ ਹਨ। ਪਿਛਲੇ 2 ਦਿਨਾਂ ਦੀ ਹੋਈ ਬਾਰਸ਼ ਦੇ ਪਾਣੀ ਵਿੱਚ ਚਲਾਏ ਜਾਣ ਕਰਕੇ ਕਾਫੀ ਸਾਰੇ ਟਿੱਪਰ ਖਰਾਬ ਹੋ ਗਏ ਹਨ। ਕਿਸੇ ਵੀ ਖਰਾਬ ਟਿੱਪਰਾਂ ਨੂੰ ਠੀਕ ਕਰਵਾਉਣ ਉਪਰੰਤ ਲਗਭਗ 1-2 ਦਿਨ ਬਾਅਦ ਹੀ ਟਿੱਪਰ ਚਲਾ ਰਹੇ ਡਰਾਈਵਰ-ਕਮ-ਸਫਾਈ ਕਰਮਚਾਰੀ ਵੱਲੋਂ ਕਿਹਾ ਜਾਂਦਾ ਹੈ ਕਿ "ਟਿੱਪਰ ਅੱਜ ਫਿਰ ਖਰਾਬ ਹੋ ਗਿਆ ਹੈ ਜੀ"। ਜਿੰਨ੍ਹਾਂ ਦੀ ਰਿਪੇਅਰ ਕਰਵਾਉਣ ਨਾਲ ਨਗਰ ਨਿਗਮ ਬਠਿੰਡਾ ਦਾ ਸਮਾਂ ਅਤੇ ਪੈਸਾ ਦੋਵੇਂ ਹੀ ਬਰਬਾਦ ਹੋ ਰਹੇ ਹਨ।

ਮਾਨਯੋਗ ਕਮਿਸ਼ਨਰ ਸਾਹਿਬ ਜੀ ਨਾਲ ਸਿਹਤ ਸ਼ਾਖਾ ਦੀ ਹੋਈ ਮਿਤੀ 28.08.2024 ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਨੁਸਾਰ ਪੂਰੇ ਸ਼ਹਿਰ ਦਾ ਕੂੜਾ ਚੁੱਕਣ ਲਈ ਘੱਟੋ-ਘੱਟ 32 ਟ੍ਰੈਕਟਰ ਅਤੇ ਟਰਾਲੀਆਂ ਲੋੜੀਂਦੇ ਹੋਣਗੇ। ਆਈਸ਼ਰ ਟ੍ਰੈਕਟਰ ਇੱਕ ਅਜਿਹਾ ਵਹੀਕਲ ਹੈ ਜੋ ਕਿ ਤੇਲ ਵੀ ਬਹੁੱਤ ਘੱਟ ਮਾਤਰਾ ਵਿੱਚ ਖਾਂਦਾ ਹੈ ਅਤੇ ਲੰਮੇ ਸਮੇਂ ਤੱਕ ਇਸਦੀ ਰਿਪੇਅਰ ਕਰਵਾਉਣ ਦੀ ਜਰੂਰਤ ਨਹੀਂ ਪੈਂਦੀ ਅਤੇ ਇਸਦੀ ਮੈਂਟੀਨੈਂਸ ਵੀ ਬਹੁੱਤ ਘੱਟ ਹੈ। ਇਸ ਤੋਂ ਇਲਾਵਾ 1 ਟਰਾਲੀ ਦੀ ਸਮੱਰਥਾ ਦੋ ਟਿੱਪਰਾਂ ਵਿੱਚ ਆਉਣ ਵਾਲੇ ਕੂੜੇ ਤੋਂ ਵੀ ਵੱਧ ਹੁੰਦੀ ਹੈ। ਇਸ ਤੋਂ ਇਲਾਵਾ ਇਹਨਾਂ ਟ੍ਰੈਕਟਰ ਟਰਾਲੀਆਂ ਤੇ ਪੁਰਾਣੇ ਕੰਡਮ ਹੋ ਚੁੱਕੇ ਟਿੱਪਰਾਂ ਦੀ ਲੇਬਰ ਤੋਂ ਹੀ ਕੰਮ ਲਿਆ ਜਾਵੇਗਾ ਅਤੇ ਹਰ ਜ਼ੋਨ ਵਿੱਚ 4 ਟ੍ਰੈਕਟਰ ਟਰਾਲੀਆਂ ਸਮੇਤ ਲੇਬਰ ਸਬੰਧਤ ਜ਼ੋਨ ਇੰਚਾਰਜ਼ ਅਧੀਨ ਕੰਮ ਕਰਨਗੀਆਂ। ਇਸ ਨਾਲ ਸ਼ਹਿਰ ਦੀ ਸਫਾਈ ਵਿੱਚ ਹੋਰ ਜਿਆਦਾ ਨਿਖਾਰ ਆਵੇਗਾ।

ਇਸ ਸਬੰਧੀ ਨਿਗਰਾਨ ਇੰਜੀਨੀਅਰ ਵੱਲੋਂ ਪੁੱਛਿਆ ਗਿਆ ਕਿ "What about Tippers? Are you proposing replacement of labor also?"

ਇਸਤੇ ਸੈਨਟਰੀ ਇੰਸਪੈਕਟਰ ਵੱਲੋਂ ਰਿਪੋਰਟ ਕੀਤੀ ਗਈ ਕਿ ਉਕਤ ਸਬੰਧੀ ਮੰਗੇ ਗਏ ਸਪਸ਼ਟੀਕਰਨ ਦੇ ਸਬੰਧ ਵਿੱਚ ਟਿੱਪਰਾਂ ਤੇ ਲੱਗੀ ਆਉਟਸੋਰਸ ਸਫਾਈ ਸੇਵਕਾਂ ਤੋਂ ਇਹਨਾਂ 32 ਟ੍ਰੈਕਟਰ ਟਰਾਲੀਆਂ ਤੇ 3-3 ਸਫਾਈ ਸੇਵਕਾਂ ਦੀ 32x3 = 96 ਪਹਿਲੀ ਸ਼ਿਫਟ ਅਤੇ 96 ਦੀ ਦੂਸਰੀ ਸ਼ਿਫਟ ਵਿੱਚ ਕੰਮ ਕਰਨਗੇ। ਇਸ ਤਰ੍ਹਾਂ 96+96=192 ਸਫਾਈ ਸੇਵਕ ਸ਼ਹਿਰ ਵਿੱਚੋਂ ਡੋਰ ਟੂ ਡੋਰ ਕੂੜਾ ਕੁਲੈਕਸ਼ਨ ਕਰਨਗੇ।

ਇਸਤੋਂ ਇਲਾਵਾ ਇਸ ਸਮੇਂ ਡੋਰ ਟੂ ਡੋਰ ਕੂੜਾ ਕੁਲੈਕਸ਼ਨ ਦਾ ਕੰਮ 328 ਆਉਟਸੋਰਸ ਸਫਾਈ ਸੇਵਕਾਂ ਤੋਂ ਲਿੱਤਾ ਜਾ ਰਿਹਾ ਹੈ। ਇਹਨਾਂ 328 ਵਿੱਚੋਂ 192 ਸਫਾਈ ਸੇਵਕਾਂ ਨੂੰ ਘਟਾ ਕੇ 136 ਬਾਕੀ ਰਹਿੰਦੇ ਹਨ। ਇਹਨਾਂ ਤੋਂ ਸ਼ਹਿਰ ਦੀ ਖਾਲੀ ਬੀਟਾਂ ਦੀ ਸਫਾਈ ਲਈ ਲਗਾਇਆ ਜਾਵੇਗਾ। ਇਸ ਤਰ੍ਹਾਂ ਜਿੱਥੇ ਸ਼ਹਿਰ ਦੀ ਡੋਰ ਟੂ ਡੋਰ ਕੂੜਾ ਕੁਲੈਕਸ਼ਨ ਵਿੱਚ ਸੁਧਾਰ ਹੋਵੇਗਾ, ਉੱਥੇ ਬਾਕੀ ਰਹਿੰਦੇ ਸਫਾਈ ਸੇਵਕਾਂ ਤੋਂ ਸ਼ਹਿਰ ਦੀ ਖਾਲੀ ਬੀਟਾਂ ਦੀ ਸਫਾਈ ਕਰਵਾ ਕੇ ਸਫਾਈ ਵਿੱਚ ਸੁਧਾਰ ਹੋਵੇਗਾ। ਇਸ ਲਈ ਉਕਤ 32 ਟ੍ਰੈਕਟਰ ਸਮੇਤ ਟਰਾਲੀਆਂ ਖਰੀਦ ਕਰਨਾ ਬਹੁਤ ਜਰੂਰੀ ਹੈ।

ਇਸਤੇ ਨਿਗਰਾਨ ਇੰਜੀਨੀਅਰ ਨੇ ਹੇਠ ਲਿਖੇ ਅਨੁਸਾਰ ਰਿਪੋਰਟ ਕੀਤੀ ਕਿ:

1. I don't agree with the proposal.
2. Tippers of Rs. 7.00 cr. Will be wasted.
3. Amount of Rs. 2.25 cr. More will be required for purchase of Tractory Trolleys.

4. 150 new outsource exployees have already been engaged for sanitation during recent supply.
5. Manourverability of tractor trolleys in various lanes is on time.
6. Tippers were purchased after many difficulties and due diligence.

Above facts may be considered before taking any final decision on the proposal, please".

ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਕਿ "To be discussed in house".

| | |
|---|---|
| **ਮਤਾ ਨੰਬਰ 384** | **ਵਿਚਾਰ ਵਟਾਂਦਰਾ ਕਰਨ ਉਪਰੰਤ ਹਾਲ ਦੀ ਘੜੀ 20 ਟ੍ਰੈਕਟਰ ਟਰਾਲੀਆਂ ਦੀ ਖਰੀਦ ਕਰਨ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਜਿੰਨ੍ਹਾਂ ਟਿੱਪਰਾਂ ਦੀ ਰਿਪੇਅਰ ਹੋ ਸਕਦੀ ਹੈ, ਉਹਨਾਂ ਨੂੰ ਜਲਦ ਤੋਂ ਜਲਦ ਰਿਪੇਅਰ ਕਰਵਾਇਆ ਜਾਵੇ ਅਤੇ ਜੋ ਟਿੱਪਰ ਬਿਲੱਕੁਲ ਹੀ ਕੰਡਮ ਹੋ ਚੁੱਕੇ ਹਨ, ਉਹਨਾਂ ਨੂੰ ਕੰਡਮ ਕਰਾਰ ਕਰਦੇ ਹੋਏ ਨੀਲਾਮ ਕਰਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਟਿੱਪਰਾਂ ਨੂੰ ਕੰਡਮ ਕਰਾਰ ਦੇਣ ਖਾਤਰ ਬਣਦੀ ਕਾਰਵਾਈ ਕਰਨ ਲਈ ਸਬ-ਕਮੇਟੀ ਬਣਾਈ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮੇਅਰ ਨਗਰ ਨਿਗਮ ਬਠਿੰਡਾ ਜੀ ਨੂੰ ਦਿੱਤੇ ਜਾਂਦੇ ਹਨ।** |

ਏਜੰਡਾ ਨੰਬਰ 3 :

ਦਫਤਰੀ ਰਿਪੋਰਟ ਕਿ ਨਗਰ ਨਿਗਮ ਬਠਿੰਡਾ ਵਿੱਚ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਵੱਛ ਭਾਰਤ ਮਿਸ਼ਨ (ਅਰਬਨ) ਨੂੰ ਲਾਗੂ ਕੀਤਾ ਗਿਆ ਹੈ ਅਤੇ ਸਮੇਂ-ਸਮੇਂ ਤੇ ਇਸ ਵਿੱਚ ਮਿੱਥੇ ਟੀਚੇ ਪੂਰੇ ਕੀਤੇ ਜਾਂਦੇ ਹਨ। ਪੂਰੇ ਕੀਤੇ ਟੀਚਿਆਂ ਅਨੁਸਾਰ ਨਗਰ ਨਿਗਮ ਬਠਿੰਡਾ ਸਵੱਛ ਸਰਵੇਖਣ 2025 ਅਧੀਨ ਬਠਿੰਡਾ ਸ਼ਹਿਰ Water+ Certified ਕਰਨ ਲਈ ਕੁਆਲਿਟੀ ਕਾਊਂਸਲ ਆਫ ਇੰਡੀਆ (MoHUA) ਦੀ ਟੀਮ ਵੱਲੋਂ Third Party Verification ਕੀਤੀ ਜਾਣੀ ਹੈ।ਜਿਸ ਲਈ ਜਰੂਰੀ ਸ਼ਰਤਾਂ ਜਿਵੇਂ ODF++ ਆਦਿ ਪੂਰੀਆਂ ਕਰ ਲਈਆਂ ਗਈਆਂ ਹਨ। ਇਸ ਦੀ Re-certification ਪੈਡਿੰਗ ਹੈ। ਬਠਿੰਡਾ Water+certification ਸਬੰਧੀ ਜਰੂਰੀ ਸ਼ਰਤਾਂ ਜਿਵੇ:

1. No body found in defecating in open.
2. ULB to have achieved 100% target in construction of IHHLs and CT/PTs.
3. Fine mechanism in place on found defecating in open.
4. No body found in defecating and urination in open.
5. All CT/PTs and standalone urinals are functional and well maintained as per the ODF++ protocol.
6. All toilets are connected to safe disposal system – Septic Tank with soak pit or twin pit or sewer or pucca municipal drain.
7. No urtreated sewage including faecal sludge and septage discharge/dumped in water bodies and open areas.
8. Sewage including faecal sludge and septage is safelymanaged and treated.
9. Used water from all toilets discharge into local sanitary outlet (underground sewer/ Septic Tank with soak pit or a twin pit) and/ used water from drains is collected, conveyed and discharged safely into a STP or nearby sewer.
10. Functional treatment plant available that effective treats used water including sludge generated in the ULB.
11. Sufficient number of vehicles with haulage capacity available for schedule and regular emptying of septic tank.
12. Functional RSA and SRU set up with the mechanized cleaning of sewer, machine holes and septic tanks.
13. 20% treated waste water being reused after treatment.
14. O&M costs of sewer networks/STPs/FSTPs being recovered.
15. Documents to be uploaded for the desktop assessment on the Swachhatam portal to the annual water+ Field assessment.

ਨੂੰ ਨਗਰ ਨਿਗਮ ਬਠਿੰਡਾ ਪੂਰਾ ਕਰਦਾ ਹੈ। ਇਸ ਲਈ ਬਠਿੰਡਾ ਨੂੰ Water+ ਕਰਵਾਉਣਸਬੰਧੀ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 385<br>30.10.2024 | ਪ੍ਰਵਾਨ ਹੈ। |

ਆਖੀਰ ਵਿੱਚ ਮੀਟਿੰਗ ਧੰਨਵਾਦ ਨਾਲ ਖਤਮ ਕੀਤੀ ਗਈ।

ਸਹੀ/-

ਕਾਰਜਕਾਰੀ ਮੇਅਰ
-ਕਮ-ਸੀਨੀਅਰ ਡਿਪਟੀ ਮੇਅਰ
ਨਗਰ ਨਿਗਮ,ਬਠਿੰਡਾ।